
# ਅੰਮ੍ਰਿਤ ਕੀਰਤਨ

## ਅਕਤੂਬਰ 2013




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਤ

ਤਖ਼ਤ ਹਜ਼ਾਰਾ ਛੱਡ ਕੇ ਰਾਂਝਾ
ਬਣਿਆ ਫਿਰੇ ਸ਼ੁਦਾਈ ਹੂ।

ਜੰਗਲ, ਬੇਲੇ, ਪਰਬਤ ਫਿਰਦਾ
ਹੀਰ ਨ ਮਿਲੀ ਕਿਦਾਈਂ ਹੂ।

ਇਸ਼ਕ ਹਕੀਕੀ ਜਿਸ ਨੂੰ ਲੱਗਾ
ਰੱਬ ਨੇ ਲਾਜ ਰਖਾਈ ਹੂ।

ਸੰਤੋਖ ਪੂਰੀਆਂ ਹੋਈਆਂ ਮੁਰਾਦਾਂ
ਦੇਖੇ ਸੱਭ ਲੁਕਾਈ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ<br>ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)<br>
422, ਸੈਕਟਰ 15-ਏ, ਚੰਡੀਗੜ੍ਹ 160 015<br>
ਫੋਨ : 0172-2772660, 098140 53630

e-mail: drjagirsingh@gmail.com<br>
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**<br>
**Rajpreet Singh Khural - 9915545084**


## ਇਸ ਅੰਕ ਵਿਚ

ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-DO IT NOW. 5

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਮਹੱਤਤਵ ਦਾ ਸਮਕਾਲੀਨ ਸੰਦਰਭ<br>
-ਡਾ. ਗੁਰਨਾਮ ਸਿੰਘ 6

ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ<br>
ਜਾਗੀਰ ਸਿੰਘ

ਰਿਸ਼ਪਾਲ ਸਿੰਘ 15

ਸ੍ਰੀ ਅਕਾਲ ਤਖਤ ਸਾਹਿਬ ਦੀ ਢਾਡੀ ਪਰੰਪਰਾ<br>
ਬਿਕਰਮਜੀਤ ਸਿੰਘ 18

ਹਿੰਦੀ ਸਿਨੇਮਾਂ ਦੀ ਪਹਿਲੀ ਸੰਗੀਤਕਾਰ-ਜੋੜੀ 'ਹੁਸਨਲਾਲ-ਭਗਤਰਾਮ'<br>
ਅਮਰਿੰਦਰ ਸਿੰਘ 22

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਸਤੰਬਰ ਦੇ ਅੰਕ ਵਿੱਚ ਕਵੀ ਸੰਤੋਖ ਸਿੰਘ ਜੀ ਦੀ ਕਵਿਤਾ, ਡਾਕਟਰ ਜਾਗੀਰ ਸਿੰਘ ਜੀ ਦਾ ਸੰਪਾਦਕੀ ਸ਼ੁਕਰਾਨਾ, ਅਮਰਿੰਦਰ ਸਿੰਘ ਦਾ ਕੁੰਦਨ ਲਾਲ ਸਹਿਗਲ ਬਾਰੇ ਲੇਖ ਪਸੰਦ ਆਏ।

ਸੰਤ ਮੁਕੰਦ ਸਿੰਘ, ਮਾਰਫਤ ਦਲਜੀਤ ਸਿੰਘ, ਰਣਜੀਤ ਸਿੰਘ ਮੋਟਰ ਸਟੋਰ, ਜੀ਼ ਟੀ ਰੋਡ ਮਲੋਟ।।

ਸਤੰਬਰ ਅੰਗ ਵਿੱਚ ਰਮਨਦੀਪ ਕੌਰ ਜੀ ਦਾ ਪ੍ਰੋ ਤਾਰਾ ਸਿੰਘ ਜੀ ਬਾਰੇ ਲੇਖ, ਰਿਸ਼ਪਾਲ ਸਿੰਘ ਦਾ ਸੰਗੀਤ ਕੌਮਦੀ ਬਾਰੇ, ਕਰਤਾਰ ਸਿੰਘ ਨੀਲਧਾਰੀ ਜੀ ਦਾ ਲੇਖ ਸ਼ਲਾਘਾਯੋਗ ਸਨ। ਅਸੀਂ ਸਮਾਜ ਸੇਵਾ ਲਈ ਇੱਕ ਸੰਸਥਾ ਬਣਾਈ ਹੈ-ਸਿੱਖ ਚੇਤਨਾ ਵੈਲਫੇਅਰ ਸੁਸਾਇਟੀ-ਇਸ ਦੇ ਮੈਂਬਰ ਬਣਨ ਲਈ ਲੋਕ ਦਾਸ ਨਾਲ ਸੰਪਰਕ ਕਰ ਸਕਦੇ ਹਨ।

ਮੰਗਤ ਸਿੰਘ ਮਸਤਾਨਾ,ਮਾਰਫਤ ਸੰਗਮ ਰੇਡੀਓ ਅਤੇ ਟੀ ਵੀ ਕਾਲਜ। ਜੀ ਟੀ ਰੋਡ ਮਲੋਟ। ਮੁਬਾਈਲ-94637 82514

I have been living in Vancouver since March, 2013. Amrit Kirtan comes to me regularly but I never opened it to read.

I Wonder how U continued to publish it for 29 years? U deserve our appreciation. First time, I opened the PDF and find it has GEMS OF THOUGHT from Kavi Sant Santokh Singh. I knew Tara Singh from my Punjabi University days since 1965-79 but the write up by Ramandeep Kaur on Tara Singh really deserves my Appreciation.

**Hardev Singh Virk Camp: Surrey, Vancouver, Canada, hardevsingh.virk@gmail.com**

Sat Sri Akal, Bahut hi uchpaye da kam kar rahe ho. With best wishes,

**Davinder Daman, USA, davinderdaman@gmail.com**

I have received your Kirtan CD, heard in the morning, wonderful devine music. Thanks a Lot.

**Harjinder Singh, Kolkata, Mob. : 9831535333**

# DO IT NOW.

ਪਿੱਛੇ ਜਿਹੇ ਇੱਕ ਪੁਸਤਕ ਪੜ੍ਹੀ - THE SCIENCE OF GETTING RICH-BY WALLACE DELOIS WATTLES ਪਹਿਲਾਂ ਇਸ ਪੁਸਤਕ ਵੱਲ ਰੁਚਿਤ ਨਹੀਂ ਸੀ ਹੋਇਆ ਮੈਂ ਸੋਚਦਾ ਸਾਂ ਸ਼ਾਇਦ ਇਹ ਪੁਸਤਕ ਕੇਵਲ ਪੈਸਾ ਕਮਾਉਣ ਬਾਰੇ ਹੋਵੇਗੀ। ਪਰ ਇਹ ਪੁਸਤਕ ਤਾਂ ਹਰ ਪ੍ਰਕਾਰ ਦੀ ਅਮੀਰੀ-ਆਰਥਿਕ, ਸਮਾਜਿਕ, ਮਾਨਸਕਿ, ਅਧਿਆਤਮਿਕ ਅਮੀਰੀ ਬਾਰੇ ਹੈ। ਇਸ ਨੂੰ ਪੜ੍ਹ ਕੇ ਸਫਲਤਾ ਦੇ ਅਦੁੱਤੀ ਸਿਧਾਂਤ ਸਿੱਖੇ ਜਾ ਸਕਦੇ ਹਨ। ਸਿਆਣੇ ਆਖਦੇ ਹਨ ਕਿ ਸਫਲਤਾ ਦੇ ਸਿਧਾਂਤ ਸਰਲ ਹੁੰਦੇ ਹਨ। ਇਸ ਪੁਸਤਕ ਵਿੱਚ ਆਲਸ ਨੂੰ ਤਿਆਗਣ ਬਾਰੇ ਇੱਕ ਕਵਿਤਾ ਦਿੱਤੀ ਗਈ ਹੈ। ਉਹ ਕਵਿਤਾ ਆਪ ਜੀ ਵੀ ਵਾਚੋ :

If you have hard work to do,
Do it now.
Today the skies are clear and blue,
Tomorrow clouds may come in view,
Yesterday is not for you;
Do it now.

If you have a song to sing,
Sing it now.
Let the notes of gladness ring
Clear as song of bird in spring;
Let every day some music bring;
Sing it now.

If you have kind words to say,
Say them now.
Tomorrow may not come your way,
Do a kindness while you may,
Loved ones will not always stay;
Say them now.

If you have smile to show,
Show it now.
Make hearts happy, roses grow,
Let the friends around you know
The love you have before they go;
Show it now.
-Anon.

ਤੁਹਾਡਾ ਕੀ ਵਿਚਾਰ ਹੈ?....

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਮਹੱਤਤਵ ਦਾ ਸਮਕਾਲੀਨ ਸੰਦਰਭ

-ਡਾ. ਗੁਰਨਾਮ ਸਿੰਘ

ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ-ਗੁਰੂ ਵਜੋਂ ਕੇਂਦਰੀ ਤੇ ਬੁਨਿਆਦੀ ਮਹੱਤਵ ਸੰਗੀਤ ਕਲਾ ਪੱਖੋਂ ਵੀ ਅਦੁੱਤੀ ਹੈ। ਇਸ ਮਹਾਨ ਗ੍ਰੰਥ ਵਿਚ ਪੰਜ ਸਦੀਆਂ ਤੋਂ ਵਧੀਕ ਸੰਗੀਤ ਵਿਕਾਸ ਦੀ ਗਾਥਾ ਦ੍ਰਿਸ਼ਟਮਾਨ ਹੁੰਦੀ ਹੈ। ਮੱਧਕਾਲ ਤੋਂ ਲੈ ਕੇ ਵਰਤਮਾਨ ਕਾਲ ਤਕ ਸੰਗੀਤਕਾਰਾਂ ਦੇ ਸ਼ਾਸਤ੍ਰਿਕ ਝਮੇਲਿਆਂ ਨੂੰ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੇ ਅੰਤਰਗਤ ਬੜੇ ਸਹਿਜ ਨਾਲ ਹੱਲ ਕੀਤਾ ਅਤੇ ਸੰਗੀਤ ਦੀ ਇਸ ਗੁਰਮਤਿ-ਅਨੁਸਾਰੀ ਪਰੰਪਰਾ ਨੂੰ ਵਿਸ਼ਿਸ਼ਟ ਸੰਗੀਤ ਪਰੰਪਰਾ ਵਜੋਂ ਸਥਾਪਤ ਕੀਤਾ ਜਿਸ ਵਿਚ ਸਨਾਤਨੀ ਤੇ ਦੇਸੀ ਦੋਵੇਂ ਧਾਰਾਵਾਂ ਦਾ ਵਿਵਹਾਰਕ ਰੂਪ ਵਿਚ ਸਹਿਜ ਸੁਮੇਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤੀ ਸੰਗੀਤ ਦੇ ਪ੍ਰਮੁੱਖ ਮੋਕਸ਼-ਪ੍ਰਾਪਤੀ ਦੇ ਮਨੋਰਥ ਦੀ ਜਨਸਧਾਰਨ ਤਕ ਰਸਾਈ ਦਾ ਸਜੀਵ ਵਿਵਹਾਰਕ ਸਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਿਧਾਂਤਕ ਆਧਾਰ ਉੱਤੇ ਉਸਰੀ 500 ਸਾਲ ਤੋਂ ਵਧੇਰੇ ਪੁਰਾਤਨ ਪਰੰਪਰਾ ਵਿਵਹਾਰਕ ਰੂਪ ਵਿਚ ਸੰਗੀਤ, ਸਿਧਾਂਤ, ਇਤਿਹਾਸ, ਰਾਗ, ਗਾਇਨ ਰੂਪ ਦਾ ਨਵੀਨ ਤੇ ਮੌਲਿਕ ਪਰਿਪੇਖ ਆਪਣੇ ਵਿਚ ਸਮੋਈ ਬੈਠੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਮੁਖੀ ਅਧਿਐਨ ਬਿਨਾਂ ਸੰਭਵ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੀ ਅਨੁਸਾਰੀ ਗੁਰਮਤਿ ਸੰਗੀਤ ਦੀ ਰਾਗ ਪਰੰਪਰਾ, ਕੀਰਤਨ ਗਾਇਨ ਰੂਪ ਇਸ ਦੀ ਵਿਵਹਾਰਕ ਸ਼ਬਦ ਕੀਰਤਨ ਪਰੰਪਰਾ ਨੂੰ ਸਰੂਪਤ ਕਰ ਰਹੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਸ਼ਵ-ਭਾਈਚਾਰੇ ਨੂੰ ਗੁਰੂ ਸਾਹਿਬਾਨ ਵੱਲੋਂ ਵਡਮੁੱਲਾ ਯੋਗਦਾਨ ਹੈ। ਇਹ ਬਾਣੀ ਆਪਣੇ ਸਰਬ-ਕਾਲਿਕ ਬ੍ਰਹਿਮੰਡੀ ਗੁਣਾਂ ਕਰਕੇ ਮਾਨਵੀ ਜੀਵਨ ਵਿਚ ਕੇਂਦਰੀ ਮਹੱਤਵ ਰੱਖਦੀ ਹੈ। ਸਿੱਖ ਧਰਮ ਦੇ ਪੈਰੋਕਾਰਾਂ ਲਈ ਇਹ ਪਾਵਨ ਬਾਣੀ ਸ਼ਬਦ ਗੁਰੂ ਦੇ ਸੰਕਲਪ ਵਜੋਂ ਪ੍ਰਤੱਖ ਹੋਈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਕਾਰਜ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 1604 ਈ: ਵਿਚ ਸੰਪੂਰਨ ਹੋਇਆ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਇਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰ ਇਸ ਨੂੰ 1708 ਈ: ਵਿਚ ਗੁਰਤਾਗੱਦੀ ਪ੍ਰਦਾਨ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਇਕ 'ਗੇਯ ਰਚਨਾ' ਵਜੋਂ ਕੀਤਾ ਗਿਆ ਹੈ। ਬਾਣੀ ਦੀ ਪ੍ਰਸਤੁਤੀ ਲਈ ਗਾਇਨ ਤੇ ਕੀਰਤਨ ਦੇ ਮਹੱਤਵ ਨੂੰ ਦਰਸਾਉਣ ਲਈ ਅਨੇਕ ਗੁਰ-ਫੁਰਮਾਨ ਅੰਕਿਤ ਹਨ, ਜਿਵੇਂ:

- ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ (ਪੰਨਾ 1075)
- ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥ (ਪੰਨਾ 893)
- ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥ (ਪੰਨਾ 628)
- ਸਾਧਸੰਗਿ ਹਰਿ ਕੀਰਤਨੁ ਗਾਈਐ॥ ਇਹੁ ਅਸਥਾਨੁ ਗੁਰੂ ਤੇ ਪਾਈਐ॥(ਪੰਨਾ 385)
- ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥(ਪੰਨਾ 1000)

ਉਕਤ ਫੁਰਮਾਨਾਂ ਤੋਂ ਇਲਾਵਾ ਕਾਵਿ ਤੇ ਸੰਗੀਤ ਦੇ ਸੁਮੇਲ ਵਜੋਂ ਸਰੂਪਤ ਹੋਣ ਵਾਲੀ ਇਸ ਦੈਵੀ ਰਚਨਾ ਦੀ ਗੇਯਾਤਮਿਕਤਾ, ਇਸ ਦੇ ਰਾਗਾਤਮਕ ਵਰਗੀਕਰਣ, ਇਸ ਦੀਆਂ ਭਿੰਨ-ਭਿੰਨ ਗਾਇਨ-ਸ਼ੈਲੀਆਂ ਬਾਣੀ ਅੰਤਰਨਿਹਿਤ ਵੱਖ-ਵੱਖ ਸਿਰਲੇਖਾਂ, ਸੰਕੇਤਾਂ ਦੀ ਸੰਗੀਤਕ ਉਪਯੁਕਤਤਾ ਸਹਿਤ ਨਿਸ਼ਚਿਤ ਸੰਗੀਤ ਵਿਧਾਨ ਦੇ ਰੂਪ ਵਿਚ ਪ੍ਰਤੱਖ ਹੁੰਦੀ ਹੈ। ਬਾਣੀ ਦਾ ਇਹ ਸੰਗੀਤ ਵਿਧਾਨ ਲਿਖਤ ਮਾਤਰ ਹੀ ਨਹੀਂ ਸਗੋਂ ਸਿੱਖ ਧਰਮ ਵਿਚ ਸਦੀਆਂ ਤੋਂ ਇਕ ਵਿਸ਼ਿਸ਼ਟ ਸੰਗੀਤਕ ਪਰੰਪਰਾ ਵਜੋਂ ਇਸ ਦਾ ਪ੍ਰਚਲਨ ਵੀ ਹੈ, ਜਿਸ ਦਾ ਉਦੈ ਅਕਾਲ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਰਬਾਬੀ ਭਾਈ ਮਰਦਾਨਾ ਜੀ ਦੇ ਇਲਾਹੀ ਕੀਰਤਨ ਦੁਆਰਾ ਹੋਇਆ। ਵੱਖ-ਵੱਖ ਕੀਰਤਨ- ਸ਼ੈਲੀਆਂ, ਵਿਸ਼ੇਸ਼ ਕੀਰਤਨ ਸਾਜ਼ਾਂ ਅਤੇ 'ਬਾਬੇ ਕੇ' ਕੀਰਤਨੀਆਂ ਦੀ ਵਿਸ਼ੇਸ਼ ਸ਼੍ਰੇਣੀ ਦੁਆਰਾ ਕੀਰਤਨ ਦੀ ਇਸ ਪਰੰਪਰਾ ਨੂੰ ਗੁਰੂ ਸਾਹਿਬਾਨ ਨੇ ਮਰਯਾਦਤ ਰੂਪ ਵਿਚ ਪ੍ਰਚਲਿਤ ਕੀਤਾ। ਇਹ ਮਰਯਾਦਤ ਕੀਰਤਨ ਪਰੰਪਰਾ ਦੀ ਮੂਲ ਸਮੱਗਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਗੀਤਮਈ ਸਰੂਪ ਅਤੇ ਵਿਧਾਨ 'ਤੇ ਆਧਾਰਿਤ ਹੈ। ਸਿੱਖ ਧਰਮ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਭਾਵ ਗੁਰ-ਸਿਧਾਂਤ ਦੀ ਅਨੁਸਾਰੀ ਸੰਗੀਤ ਪਰੰਪਰਾ ਨੂੰ ਅਸੀਂ 'ਗੁਰਮਤਿ ਸੰਗੀਤ' ਵਜੋਂ ਪਛਾਣਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਨੂੰ ਮੁੱਖ ਤੌਰ 'ਤੇ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਤੋਂ ਵਿਕਸਿਤ ਰਾਗਾਂ, ਗਾਇਨ ਰੂਪਾਂ ਅਤੇ ਲੋਕ-ਧੁਨੀਆਂ ਅਧੀਨ ਨਿਬੱਧ ਕੀਤਾ ਗਿਆ ਹੈ। ਇਸ ਪ੍ਰਯੋਗ ਦੇ ਅੰਤਰਗਤ ਸੰਗੀਤ ਦੇ ਵੱਖੋ-ਵੱਖਰੇ ਮੌਲਿਕ ਅਤੇ ਨਿਵੇਕਲੇ ਰੂਪ ਪ੍ਰਗਟ ਹੋ ਰਹੇ ਹਨ। ਸਦੀਆਂ ਤੋਂ ਮਰਯਾਦਤ ਰੂਪ ਵਿਚ ਵਿਕਸਤ ਅਤੇ ਪ੍ਰਚਲਿਤ ਇਹ ਵਿਵਹਾਰਕ ਪਰੰਪਰਾ ਸੰਗੀਤ ਦੀਆਂ ਬਾਕੀ ਪਰੰਪਰਾਵਾਂ ਦੀ ਤੁਲਨਾ ਵਿਚ ਸੁਤੰਤਰ ਤੇ ਮੌਲਿਕ ਰੂਪ ਵਿਚ ਪ੍ਰਗਟ ਹੋਈ ਹੈ। ਇਸ ਪਰੰਪਰਾ ਵਿਚ ਪ੍ਰਚਲਿਤ ਰਾਗਾਤਮਕ ਕੀਰਤਨ ਚੌਕੀਆਂ1, ਕੀਰਤਨ ਗਾਇਨ ਸ਼ੈਲੀਆਂ2, ਕੀਰਤਨ ਸਾਜ਼3, ਕੀਰਤਨ ਟਕਸਾਲਾਂ ਦੇ ਰੂਪ ਵਿਚ ਕੀਰਤਨੀਆਂ ਦੀ ਘਰਾਣੇਦਾਰ ਪਰੰਪਰਾ4 ਅਤੇ ਸ਼ਬਦ ਕੀਰਤਨ ਦੀਆਂ ਸੰਗੀਤ ਰਚਨਾਵਾਂ ਦਾ ਸੁਰਲਿਪੀਬੱਧ, ਸੀਨਾ-ਬ-ਸੀਨਾ ਵਿਸ਼ਾਲ ਭੰਡਾਰ5 ਇਸ ਪਰੰਪਰਾ ਦਾ ਮੌਲਿਕ ਤੇ ਵਿਸਤ੍ਰਿਤ ਵਿਸਥਾਰ ਹੈ। ਵਰਤਮਾਨ ਸਮੇਂ ਇਸ ਪਰੰਪਰਾ ਵਿਚ ਪ੍ਰਚਲਿਤ ਕੀਰਤਨ ਸਮੱਗਰੀ ਨੂੰ ਗੁਰਮਤਿ ਸੰਗੀਤ ਦੀ ਅਕਾਦਮਿਕ ਮਾਨਤਾ ਦੇ ਪ੍ਰਥਾਇ ਇਸ ਦੇ ਪ੍ਰਮਾਣਿਕ ਵਿਗਿਆਨਕ ਆਧਾਰ ਅਨੁਸਾਰ ਸਰੂਪਤ ਤੇ ਵਿਸ਼ਲੇਸ਼ਤ ਕਰਨਾ ਅਨਿਵਾਰਯ ਹੋ ਗਿਆ ਹੈ ਜਿਸ ਦਾ

ਪ੍ਰਮਾਣਿਕ ਆਧਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ ਹੀ ਹੋ ਸਕਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਵਿਭਿੰਨ ਸੰਗੀਤ ਤੱਤਾਂ ਤੇ ਇਕਾਈਆਂ ਦੀ ਕਾਰਜਸ਼ੀਲਤਾ ਨੂੰ ਇਨ੍ਹਾਂ ਦੇ ਮੌਲਿਕ ਵਿਧਾਨ ਵਿਚ ਵਿਸ਼ਲੇਸ਼ਿਤ ਕੀਤਾ ਜਾਣਾ ਚਾਹੀਦਾ ਹੈ।

**1. ਰਾਗ :** ਰਾਗ ਦੀ ਚਿਰੰਜੀਵੀ ਤੇ ਚਿਰਸਥਾਈ ਜਨ ਚਿਤ ਰੰਜਕ ਸ਼ਕਤੀ ਦਾ ਸਦ-ਉਪਯੋਗ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਵਿਚ ਇਸ ਨੂੰ ਪ੍ਰਾਥਮਿਕ ਅਤੇ ਅਰੰਭਕ ਦਰਜਾ ਦਿੱਤਾ ਗਿਆ ਹੈ। ਇਸ ਰਾਗ ਪ੍ਰਬੰਧ ਅਧੀਨ ਭਾਰਤੀ ਸੰਗੀਤ ਦੇ ਮੱਧਕਾਲੀਨ ਰਾਗ ਰਾਗਣੀ ਵਰਗੀਕਰਨ ਦੇ ਪ੍ਰਚਲਿਤ ਮਤਾਂ ਅਤੇ ਰਾਗ ਮਾਲਾਵਾਂ ਦੇ ਝਮੇਲਿਆਂ ਦਾ ਅਨੁਸਰਣ ਨਹੀਂ ਕੀਤਾ ਗਿਆ ਸਗੋਂ ਮੌਲਿਕ ਰਾਗ ਮਤ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 31 ਮੁੱਖ ਰਾਗਾਂ (ਤਤਕਰੇ ਅਨੁਸਾਰ) ਤੇ 31 ਮਿਸ਼ਰਤ ਰਾਗਾਂ (31 ਮੁੱਖ ਰਾਗਾਂ ਅਧੀਨ ਆਉਣ ਵਾਲੇ ਰਾਗ ਜਿਵੇਂ ਗਉੜੀ ਦੇ ਹੋਰ ਰਾਗਾਂ ਦੇ ਪ੍ਰਕਾਰ ਆਦਿ) ਅਧੀਨ ਵਰਗੀਕ੍ਰਿਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਵਿਧਾਨ ਦੇ ਅੰਤਰਗਤ ਰਾਗ ਦੇ ਪ੍ਰਯੋਗ ਨੂੰ ਨਵੀਨ ਅਰਥ ਪ੍ਰਦਾਨ ਕੀਤੇ ਗਏ ਹਨ। ਉਦਾਹਰਨ ਦੇ ਤੌਰ 'ਤੇ:

- ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ॥ (ਪੰਨਾ 821)
- ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (ਪੰਨਾ 958)
- ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥ (ਪੰਨਾ 311)
- ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ (ਪੰਨਾ 642)

ਗੁਰੂ ਸਾਹਿਬ ਨੇ ਰਾਗਾਂ ਦਾ ਨਵੀਨ ਵਰਗੀਕਰਣ ਕੀਤਾ ਹੈ ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੈ। ਇਸ ਅਨੁਸਾਰ ਆਪ ਨੇ ਸਾਨੂੰ ਮੱਧਕਾਲੀਨ ਰਾਗ ਰਾਗਣੀਆਂ ਵਰਗੀਕਰਣ ਤੇ ਅਵਿਗਿਆਨਕ ਝਮੇਲਿਆਂ ਤੋਂ ਮੁਕਤ ਕਰ ਕੇ ਸਮੂਹ ਰਾਗਾਂ ਨੂੰ 'ਰਾਗ' ਵਜੋਂ ਸਵੀਕਾਰ ਕੀਤਾ ਹੈ। ਗੁਰੂ ਸਾਹਿਬ ਨੇ ਕਿਧਰੇ ਵੀ ਰਾਗਣੀ ਸ਼ਬਦ ਦਾ ਪ੍ਰਯੋਗ ਨਹੀਂ ਕੀਤਾ ਅਤੇ ਸ਼ੁੱਧ, ਛਾਇਲਗ ਅਤੇ ਸੰਕੀਰਣ ਰਾਗ ਦੇ ਦ੍ਰਿਸ਼ਟੀਕੋਣ ਤੋਂ ਵਰਗੀਕਰਣ ਕਰ ਕੇ ਭਾਰਤੀ ਸੰਗੀਤ ਨੂੰ ਨਵੀਂ ਸੇਧ ਦਿੱਤੀ ਅਤੇ ਬਾਅਦ ਵਿਚ ਇਸੇ ਦਾ ਪ੍ਰਚਲਨ ਭਾਰਤੀ ਸੰਗੀਤ ਵਿਚ ਵੀ ਹੋਇਆ। ਸ਼ੁੱਧ ਰਾਗਾਂ ਦੀ ਗਿਣਤੀ ਵਿਚ ਸਿਰੀਰਾਗੁ, ਮਾਝ, ਗਉੜੀ, ਗੂਜਰੀ, ਆਸਾ ਆਦਿ ਹਨ। ਛਾਇਆਲਗ ਰਾਗ ਵਿਚ ਗਉੜੀ ਚੇਤੀ, ਗਉੜੀ ਪੂਰਬੀ, ਗਉੜੀ ਦੀਪਕੀ ਆਦਿ ਹਨ। ਸੰਕੀਰਣ ਰਾਗ ਵਿਚ ਗਉੜੀ ਪੂਰਬੀ ਦੀਪਕੀ ਰਾਗ ਵਿਸ਼ੇਸ਼ ਹੈ। ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵਿਭਿੰਨ ਇਲਾਕਿਆਂ ਦੀ ਲੋਕ-ਪਰੰਪਰਾ ਵਿੱਚੋਂ ਵਿਕਸਿਤ ਰਾਗਾਂ ਨੂੰ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ ਹੈ, ਜਿਨ੍ਹਾਂ ਵਿੱਚੋਂ ਮਾਝ, ਆਸਾ, ਆਸਾ ਕਾਫ਼ੀ, ਬਿਹਾਗੜਾ, ਤਿਲੰਗ, ਸੂਹੀ, ਮਾਰੂ, ਤੁਖਾਰੀ ਆਦਿ ਰਾਗ

ਵਿਸ਼ੇਸ਼ ਹਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਰਾਗਾਂ ਦੇ ਦੱਖਣੀ ਸਰੂਪਾਂ ਦਾ ਪ੍ਰਯੋਗ ਵੀ ਕੀਤਾ ਹੈ, ਜਿਵੇਂ ਗਉੜੀ ਦਖਣੀ, ਵਡਹੰਸ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਦਖਣੀ, ਪ੍ਰਭਾਤੀ ਦਖਣੀ। ਇਸ ਪ੍ਰਯੋਗ ਦੁਆਰਾ ਗੁਰੂ ਸਾਹਿਬਾਨ ਨੇ ਵਿਭਿੰਨ ਇਲਾਕਿਆਂ ਦੀ ਸੰਸਕ੍ਰਿਤੀ ਨਾਲ ਜੁੜ ਕੇ ਉਨ੍ਹਾਂ ਦੇ ਸੰਗੀਤ ਅਤੇ ਭਾਸ਼ਾ ਵਿਚ ਵੀ ਬਾਣੀ ਦੇ ਅਧਿਆਤਮਿਕ ਅਨੁਭਵ ਅਤੇ ਬੋਧ ਨੂੰ ਸੰਚਾਰਿਤ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਇਹ ਵਡੇਰਾ ਯਤਨ ਕੇਵਲ ਗੁਰਬਾਣੀ ਦੇ ਸੰਚਾਰ ਲਈ ਹੀ ਲਾਭਕਾਰੀ ਨਹੀਂ ਸਗੋਂ ਇਨ੍ਹਾਂ ਵਿਭਿੰਨ ਦੇਸੀ ਰਾਗਾਂ ਨੂੰ ਭਾਰਤੀ ਸੰਗੀਤ ਵਿਚ ਸ਼ਾਮਲ ਕਰਨ ਵਿਚ ਵੀ ਸਹਾਈ ਹੋਇਆ ਹੈ। ਗੁਰਬਾਣੀ ਦੇ ਰਾਗ ਪ੍ਰਬੰਧ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਬਾਣੀ ਦੀ ਸਫਲ ਪ੍ਰਸਤੁਤੀ ਹਿਤ ਬਾਣੀ ਅਤੇ ਰਾਗ ਨੂੰ ਇਨ੍ਹਾਂ ਦੀ ਪ੍ਰਕ੍ਰਿਤੀ ਦੀ ਅੰਤਰੀਵੀ ਸਾਂਝ, ਸਮਾਨਤਾ ਅਤੇ ਸੰਬੰਧ ਨੂੰ ਭਾਵਾਤਮਕ ਤੇ ਰਸਾਤਮਕ ਪੱਧਰ ਉੱਤੇ ਜੋੜਨ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ। ਇਸ ਪਰੰਪਰਾ ਵਿਚ ਸਨਾਤਨੀ ਕਾਵਿ ਰੂਪ ਲਈ ਸ਼ੁੱਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸੇ ਤਰ੍ਹਾਂ ਲੋਕ ਕਾਵਿ ਰੂਪਾਂ ਨੂੰ ਸੰਬੰਧਿਤ ਲੋਕ-ਧੁਨਾਂ ਦੇ ਦੇਸੀ ਰਾਗਾਂ ਅਧੀਨ ਨਿਬੱਧ ਕੀਤਾ ਗਿਆ ਹੈ। ਸਿਰੀਰਾਗੁ, ਮਾਝ, ਗਉੜੀ, ਗੂਜਰੀ, ਰਾਮਕਲੀ, ਪ੍ਰਭਾਤੀ ਰਾਗਾਂ ਅਧੀਨ ਪ੍ਰਬੰਧ ਗਾਇਨ ਸ਼ੈਲੀ ਦੇ ਕਾਵਿ ਰੂਪ ਅਸ਼ਟਪਦੀ ਦਾ ਪ੍ਰਯੋਗ ਇਸ ਉਪਰੋਕਤ ਵਿਚਾਰ ਦਾ ਸਫਲ ਪ੍ਰਮਾਣ ਹੈ। ਇਸੇ ਤਰ੍ਹਾਂ ਧਰੁਪਦ ਅੰਗ ਤੋਂ ਪਦ ਗਾਇਨ ਵੀ ਇਸੇ ਲੜੀ ਦੀ ਸਫਲ ਕੜੀ ਹੈ।

ਗੁਰਬਾਣੀ ਦੀ ਪ੍ਰਸਤੁਤੀ ਹਿਤ, ਰਾਗਾਂ ਦੇ ਨਿਰਧਾਰਣ ਹਿਤ ਰਾਗ ਅਤੇ ਸਮੇਂ/ ਮੌਸਮ ਦੇ ਆਪਸੀ ਸੰਬੰਧਾਂ ਦਾ ਵੀ ਪਾਲਣ ਕੀਤਾ ਗਿਆ ਹੈ ਜਿਸ ਅਧੀਨ ਸਵੇਰ/ਸ਼ਾਮ ਅਤੇ ਵਿਭਿੰਨ ਮੌਸਮਾਂ ਦੇ ਪ੍ਰਕ੍ਰਿਤੀ ਚਿਤਰਨ ਨੂੰ ਸੰਬੰਧਿਤ ਕਾਵਿ ਵਿਚ ਬਿਆਨਿਆ ਗਿਆ ਹੈ ਅਤੇ ਇਨ੍ਹਾਂ ਨੂੰ ਸਮੇਂ ਅਨੁਸਾਰ ਢੁਕਵੇਂ ਰਾਗਾਂ ਅਧੀਨ ਨਿਬੱਧ ਕੀਤਾ ਗਿਆ ਹੈ ਜੋ ਬਾਣੀ ਦੇ ਸੰਚਾਰ ਨੂੰ ਹੋਰ ਵੀ ਸਪੱਸ਼ਟ ਤੇ ਸੁਨਿਸ਼ਚਿਤ ਕਰਦਾ ਹੈ। ਸਮੇਂ ਨਾਲ ਸੰਬੰਧਿਤ ਰਾਗ ਜਿਵੇਂ ਸਿਰੀਰਾਗੁ:

ਬਿਨੁ ਤੇਲ ਦੀਵਾ ਕਿਉ ਜਲੈ ॥ 1 ॥ ਰਹਾਉ ॥ ਪੋਥੀ ਪੁਰਾਣ ਕਮਾਈਐ ॥

ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥ 2 ॥

ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥ 1 ॥ ਰਹਾਉ ॥ (ਪੰਨਾ 25)

ਮੌਸਮ ਨਾਲ ਸੰਬੰਧਿਤ ਰਾਗ ਜਿਵੇਂ ਰਾਗ ਬਸੰਤ:

- ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ (ਪੰਨਾ 1168)

- ਬਸੰਤੁ ਚੜਿਆ ਫੂਲੀ ਬਨਰਾਇ ॥ (ਪੰਨਾ 1176)

ਗੁਰਬਾਣੀ ਦੇ ਉਦੇਸ਼ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸਮਾਜ ਦੇ ਵਿਭਿੰਨ ਵਰਗਾਂ ਦੇ ਪ੍ਰਿਯ ਰਾਗਾਂ ਨੂੰ ਪ੍ਰਯੋਗ ਕੀਤਾ ਹੈ ਜਿਸ ਨਾਲ ਗੁਰਬਾਣੀ ਵਿਚਾਰ ਦੀ ਪ੍ਰਸਤੁਤੀ ਵਿਚ ਸੰਬੰਧਿਤ ਲੋਕਾਂ ਨਾਲ ਨਿਕਟ ਸਾਂਝ ਉਤਪੰਨ ਹੋਈ ਹੈ। ਸਿੱਧਾਂ, ਨਾਥਾਂ ਅਤੇ ਜੋਗੀਆਂ ਦੇ ਪ੍ਰਿਅ ਰਾਗ ਰਾਮਕਲੀ ਦਾ ਪ੍ਰਯੋਗ ਇਸੇ ਦਾ

ਸਫਲ ਨਮੂਨਾ ਹੈ ਜਿਸ ਅਧੀਨ 'ਸਿਧ ਗੋਸਟਿ' ਅਤੇ ਜੋਗ ਨਾਲ ਸੰਬੰਧਿਤ ਬਾਣੀ ਨੂੰ ਰਾਗ ਰਾਮਕਲੀ ਅਧੀਨ ਹੀ ਗਾਉਣ ਦਾ ਆਦੇਸ਼ ਹੈ। ਸੰਗੀਤ ਵਿਚ ਰਾਗ-ਧਿਆਨ ਪਰੰਪਰਾ ਰਾਗ ਦੇ ਸਰੂਪ ਨੂੰ ਸਾਖਸ਼ਾਤ ਰੂਪ ਵਿਚ ਅਨੁਭਵ ਕਰਨ ਅਤੇ ਸਮਝਣ ਦੇ ਉਦੇਸ਼ ਦੀ ਪੂਰਤੀ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸੰਗੀਤ ਦੇ ਰਾਗ ਧਿਆਨਾਂ ਦੇ ਮੁਕਾਬਲੇ ਵਿਚ ਗੁਰਬਾਣੀ ਦੇ ਆਸ਼ੇ ਅਨੁਸਾਰ ਰਾਗ ਧਿਆਨ ਕਰ ਰਹੇ ਹਨ। ਗੁਰਬਾਣੀ ਦੇ ਇਨ੍ਹਾਂ ਰਾਗ ਧਿਆਨਾਂ ਨੂੰ, ਵਿਭਿੰਨ ਰਾਗਾਂ ਨੂੰ ਅਧਿਆਤਮਿਕ ਅਰਥ ਪ੍ਰਦਾਨ ਕੀਤੇ ਹਨ ਜਿਹੜੇ ਦੂਸਰੇ ਸੰਗੀਤ ਗ੍ਰੰਥਾਂ ਦੇ ਮੁਕਾਬਲੇ ਵਿਚ ਕਿਤੇ ਜ਼ਿਆਦਾ ਸਪੱਸ਼ਟ ਤੇ ਸਮਰੱਥ ਹਨ ਜਿਵੇਂ ਸਿਰੀਰਾਗੁ, ਗਉੜੀ, ਗੂਜਰੀ, ਧਨਾਸਰੀ, ਸੋਰਠਿ ਆਦਿ।

ਗੁਰਬਾਣੀ ਵਿਚ ਬਾਣੀ ਦੇ ਸੰਚਾਰ ਹਿਤ ਗੁਰੂ ਸਾਹਿਬ ਨੇ ਰਾਗਾਂ ਦਾ ਪ੍ਰਯੋਗ ਕਾਫੀ ਵਿਸਤ੍ਰਿਤ ਰੂਪ ਵਿਚ ਕੀਤਾ ਹੈ ਜਿਸ ਵਿਚ ਇਕ-ਇਕ ਰਾਗ ਦੇ ਕਈ ਰੂਪ ਅਤੇ ਉਨ੍ਹਾਂ ਦੇ ਉਪ ਰਾਗ ਵੀ ਪ੍ਰਚਾਰ ਵਿਚ ਮਿਲਦੇ ਹਨ। ਬਾਕੀ ਰਾਗਾਂ ਤੋਂ ਬਿਨਾਂ ਗਉੜੀ ਦੇ ਸੰਦਰਭ ਵਿਚ ਇਹ ਵਿਚਾਰ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ। ਦੋ ਰਾਗਾਂ ਦੇ ਸੁਮੇਲ ਤੋਂ ਨਵੀਨ ਰਾਗ ਦੀ ਸਿਰਜਣਾ ਦੀ ਪਰੰਪਰਾ ਵੀ ਬਾਣੀ ਦੀ ਸੰਚਾਰ-ਜੁਗਤ ਦਾ ਇਕ ਅਹਿਮ ਹਿੱਸਾ ਹੈ। ਗੁਰਬਾਣੀ ਗਾਇਨ ਪ੍ਰਸਤੁਤੀ ਲਈ ਰਾਗ ਦਾ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਉਪਰੋਕਤ ਪ੍ਰਯੋਗ ਸੁਤੰਤਰ ਤੇ ਵਿਸਤ੍ਰਿਤ ਵਿਚਾਰ ਦੀ ਮੰਗ ਕਰਦਾ ਹੈ ਜਿਸ ਨੂੰ ਅਸੀਂ ਇੱਥੇ ਸੰਖੇਪ ਰੂਪ ਵਿਚ ਹੀ ਬਿਆਨ ਕੀਤਾ ਹੈ। ਗੁਰਬਾਣੀ ਦੇ ਸੰਗੀਤ ਪ੍ਰਬੰਧ ਦੀ ਅਗਲੇਰੀ ਮਹੱਤਵਪੂਰਨ ਇਕਾਈ ਗਾਇਨ ਸ਼ੈਲੀ ਹੈ ਜੋ ਇਸ ਬਾਣੀ ਦੇ ਭਾਵਾਂ ਨੂੰ ਗਾਇਨ ਦੁਆਰਾ ਸਪੱਸ਼ਟ ਕਰਨ ਵਿਚ ਸਹਾਈ ਹੁੰਦੀ ਹੈ।

**ਸ਼ਬਦ ਕੀਰਤਨ ਦੀਆਂ ਗਾਇਨ ਸ਼ੈਲੀਆਂ ਵਜੋਂ :** ਬਾਣੀ ਰੂਪ ਗੁਰਮਤਿ ਸੰਗੀਤ ਪ੍ਰਬੰਧ ਦੇ ਅੰਤਰਗਤ ਗਾਇਨ ਸ਼ੈਲੀਆਂ ਨੂੰ ਨਿਵੇਕਲੇ ਤੇ ਮੌਲਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਇਸ ਪ੍ਰਬੰਧ ਅਧੀਨ ਮੁੱਖ ਤੌਰ 'ਤੇ ਸ਼ਾਸਤਰੀ ਅੰਗ ਅਤੇ ਦੇਸੀ ਅੰਗ ਦੀਆਂ ਗਾਇਨ ਸ਼ੈਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਇੱਥੇ ਸ਼ਾਸਤਰੀ ਅਤੇ ਦੇਸੀ ਨਾਲ 'ਅੰਗ' ਸ਼ਬਦ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਗੁਰਮਤਿ ਸੰਗੀਤ ਪ੍ਰਬੰਧ ਅਧੀਨ ਸ਼ਾਸਤਰੀ ਅਤੇ ਦੇਸੀ ਸੰਗੀਤ ਦਾ ਮੌਲਿਕ ਦ੍ਰਿਸ਼ਟੀਕੋਣ ਤੋਂ ਸੁਮੇਲ ਕੀਤਾ ਗਿਆ ਹੈ ਜਿਸ ਨਾਲ ਇਹ ਗਾਇਨ ਸ਼ੈਲੀਆਂ ਸ਼ੁੱਧ ਰੂਪ ਵਿਚ ਸ਼ਾਸਤਰੀ ਜਾਂ ਦੇਸੀ ਨਾ ਹੋ ਕੇ ਕੇਵਲ ਆਪਣੇ 'ਅੰਗ' ਦੀ ਪ੍ਰਤੀਨਿਧਤਾ ਕਰਦੀਆਂ ਹਨ। ਸ਼ਾਸਤਰੀ ਅੰਗ ਦੀਆਂ ਗਾਇਨ-ਸ਼ੈਲੀਆਂ ਅਧੀਨ ਪ੍ਰਬੰਧ, ਧਰੁਪਦ ਆਦਿ ਅਤੇ ਲੋਕ ਅੰਗ ਦੀਆਂ ਗਾਇਨ ਸ਼ੈਲ਼ੀਆਂ ਅਧੀਨ ਵਾਰ, ਛੰਤ, ਅਲਾਹੁਣੀਆਂ ਆਦਿ ਵਿਸ਼ੇਸ਼ ਹਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਨ੍ਹਾਂ ਗਾਇਨ ਸ਼ੈਲੀਆਂ ਦੇ ਗਾਇਨ ਹਿਤ ਇਨ੍ਹਾਂ ਦੀ ਪ੍ਰਕ੍ਰਿਤੀ ਅਨੁਸਾਰ ਮਾਰਗੀ ਜਾਂ ਦੇਸੀ ਰਾਗਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਦੀ ਵਿਸ਼ਿਸ਼ਟਤਾ ਦਾ ਨਿਯਮ ਹੈ। ਇਸ ਸੰਗੀਤ ਪ੍ਰਬੰਧ ਅਧੀਨ ਦੋਵੇਂ ਅੰਗਾਂ ਦੀਆਂ ਗਾਇਨ ਸ਼ੈਲੀਆਂ ਨੂੰ ਉਨ੍ਹਾਂ ਦੇ ਭਾਰੂ ਲੱਛਣਾਂ ਤੋਂ ਮੁਕਤ ਕਰਵਾ ਕੇ ਸਹਿਜ ਅਨੁਸ਼ਾਸਨ ਅਧੀਨ ਪ੍ਰਸਤੁਤ ਕਰਨ ਦੀ ਪਰੰਪਰਾ ਅਰੰਭ ਕੀਤੀ ਗਈ ਹੈ।

ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਦੇ ਪ੍ਰਬੰਧ ਅਨੁਸਾਰ ਗਾਉਣ ਨਾਲ ਇਸ ਵਿਚਲੀ ਬੇਲੋੜੀ ਕੱਟੜਤਾ ਅਤੇ ਕਠੋਰਤਾ ਦਾ ਤਿਆਗ ਹੈ। ਇਸੇ ਤਰ੍ਹਾਂ ਦੇਸੀ ਸ਼ੈਲੀਆਂ ਉੱਤੇ

ਗੁਰਮਤਿ ਸੰਗੀਤ ਪ੍ਰਬੰਧ ਦਾ ਅੰਕੁਸ਼ ਹੋਣ ਕਰਕੇ ਇਨ੍ਹਾਂ ਨੂੰ ਵਿਸ਼ਿਸ਼ਟ ਗਾਇਨ ਅਨੁਸ਼ਾਸਨ ਦੀ ਪ੍ਰਾਪਤੀ ਹੋਈ ਹੈ।

ਗੁਰਬਾਣੀ ਦੇ ਸੰਗੀਤ ਪ੍ਰਬੰਧ ਦੇ ਅੰਤਰਗਤ ਸ਼ਬਦ ਪ੍ਰਸਤੁਤੀ ਲਈ ਰਾਗ, ਕਾਵਿ ਰੂਪ, ਗਾਇਨ ਸ਼ੈਲੀ ਆਦਿ ਸੰਜੁਗਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਇਨ੍ਹਾਂ ਵਿਚ ਭਾਵਾਤਮਕ ਤੇ ਰਸਾਤਮਕ ਏਕਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਸੰਗੀਤਕ ਸੰਕੇਤ ਇਨ੍ਹਾਂ ਦੇ ਪ੍ਰਯੋਜਨ ਦੀ ਪ੍ਰਾਪਤੀ ਲਈ ਮਾਰਗ-ਦਰਸ਼ਨ ਕਰਦੇ ਹਨ ਅਤੇ ਸ਼ਬਦ ਦੇ ਕੇਂਦਰ ਵਿਚ ਵਿਦਮਾਨ ਪਰਮ-ਸਤਿ ਦਾ ਬੋਧ ਤੇ ਅਨੁਭਵ ਕਰਵਾਉਣ ਵਿਚ ਇਹ ਸਾਰੇ ਕਾਵਿਕ ਤੇ ਸੰਗੀਤਕ ਉਪਕਰਣ ਸੰਮਿਲਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ। ਗੁਰਬਾਣੀ ਦੇ ਸੰਗੀਤ ਪ੍ਰਬੰਧ ਦਾ ਇਕ-ਇਕ ਅੰਗ ਸ਼ਬਦ ਦੇ ਭਾਵ ਨੂੰ ਤੀਖਣ

ਤੇ ਤੀਬਰ ਰੂਪ ਵਿਚ ਪ੍ਰਕਾਸ਼ਮਾਨ ਕਰਨ ਵਿਚ ਸਹਾਈ ਹੁੰਦਾ ਹੈ। ਇਸ ਤਰ੍ਹਾਂ ਇਹ ਸਮੁੱਚੀ ਪ੍ਰਕ੍ਰਿਆ ਸਾਧਾਰਨ ਨਾ ਹੋ ਕੇ ਵਿਸ਼ਿਸ਼ਟ ਪ੍ਰਬੰਧ ਵਜੋਂ ਉਜਾਗਰ ਹੁੰਦੀ ਹੈ।

ਇਸ ਸੰਗੀਤ ਪ੍ਰਬੰਧ ਦਾ ਉਲੰਘਣ ਸ਼ਬਦ ਦੀ ਭਾਵ ਪ੍ਰਸਤੁਤੀ ਵਿਚ ਰੁਕਾਵਟ ਪੈਦਾ ਕਰ ਸਕਦਾ ਹੈ, ਅਰਥ ਦਾ ਅਨਰਥ ਕਰ ਸਕਦਾ ਹੈ। ਇਸੇ ਕਰਕੇ ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਲਈ ਵਿਸ਼ਿਸ਼ਟ ਸੰਗੀਤ ਪ੍ਰਬੰਧ ਦਾ ਨਿਰਮਾਣ ਕੀਤਾ ਹੈ ਜੋ ਭਾਰਤੀ ਸੰਗੀਤ ਦੀਆਂ ਸਮਕਾਲੀਨ ਭਗਤੀ ਪਰੰਪਰਾਵਾਂ ਨਾਲੋਂ ਸਿਧਾਂਤ ਤੇ ਸਰੂਪ ਕਰਕੇ ਭਿੰਨ ਤੇ ਵਿਲੱਖਣ ਹੈ।

ਗੁਰਬਾਣੀ ਅਧੀਨ ਸ਼ਬਦ ਗਾਇਨ ਪ੍ਰਸਤੁਤੀ ਦਾ ਪ੍ਰਸਤੁਤਕਾਰ ਇਸ ਦੇ ਸੰਗੀਤ ਪ੍ਰਬੰਧ ਅਤੇ ਪ੍ਰਸਤੁਤੀ ਦੇ ਸੰਬੋਧਨ ਵਿਚਕਾਰ ਅਹਿਮ ਕੜੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੇ ਪ੍ਰਥਮ ਪ੍ਰਸਤੁਤਕਾਰ ਹਨ। ਉਹ ਆਪਣੇ ਆਪ ਨੂੰ 'ਢਾਢੀ' ਆਖਦੇ ਹਨ। ਢਾਡੀ ਨਿਰਧਾਰਤ ਤੇ ਪ੍ਰਚਲਿਤ ਕਥਾ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਹੀਂ ਕਰ ਸਕਦਾ। ਉਸ ਦੀ ਕਲਾ ਨਾਲੋਂ ਉਸ ਦੇ ਬਿਆਨ ਦਾ ਅਨੁਭਵ ਤੇ ਬੋਧ ਅਹਿਮ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਢਾਡੀ ਉਸ ਖਾਲਕ ਦੇ ਆਦੇਸ਼ ਨੂੰ ਹੀ ਗਾਉਂਦਾ ਹੈ। ਇਸ ਤਰ੍ਹਾਂ ਬਾਣੀ ਦਾ ਪ੍ਰਸਤੁਤਕਾਰ ਪਰਮਾਤਮਾ ਦੇ ਹੁਕਮ ਨੂੰ ਆਪਣੀ ਪ੍ਰਸਤੁਤੀ ਦੁਆਰਾ ਲੋਕਾਈ ਸਾਹਵੇਂ ਪ੍ਰਸਤੁਤ ਕਰਦਾ ਹੈ। ਇਸ ਵਿਚ ਪ੍ਰਸਤੁਤਕਾਰ ਦੀ 'ਮੈਂ' ਕਿਤੇ ਵੀ ਪ੍ਰਵੇਸ਼ ਨਹੀਂ ਕਰਦੀ। ਸਪੱਸ਼ਟ ਹੈ ਕਿ ਗਾਇਕ, ਸ਼ਬਦ ਪ੍ਰਸਤੁਤਕਾਰ ਨੇ ਜਿੱਥੇ ਬਾਣੀ ਦੇ ਸੰਗੀਤ ਪ੍ਰਬੰਧ ਦਾ ਪਾਲਣ ਕਰਨਾ ਹੈ ਉੱਥੇ ਉਸ ਨੇ ਬਾਣੀ ਤੋਂ ਪ੍ਰਗਟ ਹੋਣ ਵਾਲੇ 'ਪ੍ਰਸਤੁਤੀ-ਆਦਰਸ਼' ਦੇ ਅਨੁਸ਼ਾਸਨ ਦਾ ਧਾਰਨੀ ਵੀ ਹੋਣਾ ਹੈ। ਸ਼ਬਦ ਗਾਇਨ ਦੀ ਇਹ ਸਮੁੱਚੀ ਪ੍ਰਕ੍ਰਿਆ ਮਨ ਵਿਚ ਸਤਿ ਦੇ ਅਨੁਭਵ ਤੇ ਬੋਧ ਦੁਆਰਾ ਸਹਿਜ ਤੇ ਆਨੰਦ ਦੀ ਅਵਸਥਾ ਦੀ ਪ੍ਰਾਪਤੀ ਕਰਵਾਉਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤਕ ਮਹੱਤਵ ਸਬੰਧੀ ਉਕਤ ਸੰਖਿਪਤ ਵਿਚਾਰਚਰਚਾ ਤੋਂ ਸਵੈ-ਸਿੱਧ ਹੈ ਕਿ ਇਸ ਗ੍ਰੰਥ ਦਾ ਸੰਗੀਤਕ ਪਰਿਪੇਖ ਬਹੁਪੱਖੀ ਤੇ ਬਹੁ ਦ੍ਰਿਸ਼ਟੀ ਹੈ। ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਪ ਸਰੂਪ ਇਕ ਨਿਸ਼ਚਿਤ ਸੰਗੀਤ ਵਿਧਾਨ (Musicology) ਅਧਿਐਨ ਪੱਖੋਂ

ਵਰਤਮਾਨ ਸੰਗੀਤ ਵਿਗਿਆਨੀਆਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਸੰਗੀਤ ਵਿਧਾਨ ਸਿੱਖ ਧਰਮ ਦੀ ਮੌਲਿਕ ਸੰਗੀਤ ਪਰੰਪਰਾ ਦਾ ਆਧਾਰ ਤਾਂ ਹੈ ਹੀ ਇਸ ਦੇ ਨਾਲ ਉੱਤਰੀ ਭਾਰਤੀ ਸੰਗੀਤ ਪਰੰਪਰਾ ਵਿਸ਼ੇਸ਼ ਕਰਕੇ ਭਾਰਤੀ ਕੀਰਤਨ ਪਰੰਪਰਾਵਾਂ ਦੇ ਸੰਦਰਭ ਵਿਚ ਇਸ ਦਾ ਅਧਿਐਨ ਨਵੀਨ ਪਰਿਪੇਖ ਵੀ ਸਿਰਜ ਰਿਹਾ ਹੈ।

ਸਿੱਖ ਧਰਮ ਵਿਚ ਬਾਣੀ ਨੂੰ ਸ਼ਬਦ ਤੇ ਸੰਗੀਤ ਦੇ ਸੰਮਿਲਤ ਰੂਪ ਵਿਚ ਪਛਾਣਿਆ ਤੇ ਪ੍ਰਯੋਗ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਸੁਸ਼ੋਭਿਤ ਗੁਰ ਸ਼ਬਦ ਕੀਰਤਨ ਦੀ ਇਕ ਨਿਸ਼ਚਿਤ ਪਰੰਪਰਾ ਵਿਵਹਾਰਕ ਰੂਪ ਵਿਚ ਸਥਾਪਿਤ ਹੋਈ। ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਚੌਕੀ ਪਰੰਪਰਾ ਅਤੇ ਸਿੱਖੀ ਜੀਵਨ ਵਿਚ ਕੀਰਤਨ ਦੇ ਨਿਰੰਤਰ ਪ੍ਰਵਾਹ ਤੋਂ ਇਹ ਤੱਥ ਭਲੀ ਭਾਂਤ ਸਪੱਸ਼ਟ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਅਗਵਾਈ ਤੇ ਸਰਪ੍ਰਸਤੀ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸੰਗੀਤ ਵਿਧਾਨ ਲਿਖਤ ਤੇ ਵਿਵਹਾਰ ਦੋਵਾਂ ਰੂਪਾਂ ਵਿਚ ਹੀ ਵਿਕਸਿਤ ਹੋਇਆ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਸੁਤੰਤਰ ਪਛਾਣ ਸਥਾਪਤੀ ਉੱਤੇ ਸਾਨੂੰ ਸਾਰਿਆਂ ਨੂੰ ਮਾਣ ਹੋ ਰਿਹਾ ਹੈ ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸੰਗੀਤ ਵਿਧਾਨ ਦੀ ਪਛਾਣ ਨੂੰ ਦਰਪੇਸ਼ ਚੁਣੌਤੀਆਂ ਸਭਨਾਂ ਗੁਰਮਤਿ ਸੰਗੀਤ ਪ੍ਰੇਮੀਆਂ ਅਤੇ ਗੁਰਮਤਿ ਸੰਗੀਤ ਵਿਗਿਆਨੀਆਂ ਸਾਹਵੇਂ ਵੱਡੀ ਵੰਗਾਰ ਹਨ। ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਸਮੀ ਪ੍ਰਕਾਸ਼ ਕਰ ਕੇ ਸਿੱਖ ਧਰਮ ਵਿਚ ਅਨੇਕ ਰੂਪਾਂ ਵਿਚ ਗੁਰਮਤਿ ਕੀਰਤਨ ਤੇ ਵਿਆਖਿਆ ਦੀ ਜੋ ਪ੍ਰਣਾਲੀ ਪ੍ਰਚਲਿਤ ਹੋ ਰਹੀ ਹੈ ਉਸ ਵਿੱਚੋਂ ਗੁਰਮਤਿ ਸੰਗੀਤ ਦਾ ਸਿਧਾਂਤਕ ਤੇ ਵਿਵਹਾਰਕ ਭਵਿੱਖ ਇਸ ਖੋਜ ਪੱਤਰ ਦਾ ਬੁਨਿਆਦੀ ਸਰੋਕਾਰ ਹੈ।

ਗੁਰਮਤਿ ਸੰਗੀਤ ਪਰੰਪਰਾ ਦਾ ਮੂਲ ਸੰਗੀਤ ਵਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬ ਪ੍ਰਵਾਨਿਤ ਸਰੂਪ ਦੇ ਅੰਤਰਗਤ ਲਿਖਤ ਰੂਪ ਵਿਚ ਸੁਰੱਖਿਅਤ ਹੈ। ਪਰੰਤੂ ਪ੍ਰਮਾਣਿਕ ਰੂਪ ਦੀ ਵਿਹਾਰਕ ਸਜੀਵਤਾ ਸੰਬੰਧੀ ਗੰਭੀਰ ਪ੍ਰਸ਼ਨ-ਚਿੰਨ੍ਹ ਸਾਡੇ ਸਾਹਮਣੇ ਹਨ।

ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਦੇ ਵਿਵਹਾਰਕ ਪ੍ਰਚਲਨ ਹਿਤ ਸੰਗੀਤਕਾਰਾਂ ਦੀ ਵਿਸ਼ੇਸ਼ ਪ੍ਰਬੁੱਧ ਪ੍ਰਤਿਭਾਸ਼ਾਲੀ ਕਸਬੀ ਸੰਗੀਤ ਜਾਤੀ ਨੂੰ ਗੁਰੂ-ਘਰ ਦੇ ਕੀਰਤਨੀਆਂ ਵਜੋਂ ਭਾਈ ਮਰਦਾਨਾ ਜੀ ਤੋਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਕੀਰਤਨ ਚੌਕੀਆਂ, ਇਸ ਦੇ ਰਾਗੀਆਂ ਤੇ ਰਬਾਬੀਆਂ ਦੀਆਂ ਕੀਰਤਨ ਚੌਕੀਆਂ ਇਸ ਪਰੰਪਰਾ ਦੀ ਵਿਸ਼ੇਸ਼ ਕੜੀ ਹਨ।

ਗੁਰੂ-ਕਾਲ ਵਿਚ ਗੁਰੂ ਸਾਹਿਬਾਨ ਦੀ ਸਰਬਪੱਖੀ ਅਗਵਾਈ ਨੇ ਇਸ ਪਰੰਪਰਾ ਨੂੰ ਵਿਸ਼ੇਸ਼ ਰੂਪ ਵਿਚ ਵਿਕਸਤ ਕੀਤਾ। ਇਹ ਗੁਰਮਤਿ ਸੰਗੀਤ ਦੀ ਸਮੁੱਚੀ ਸੰਗੀਤ ਪਰੰਪਰਾ ਦੇ ਸਮੁੱਚੇ ਪਸਾਰੇ ਤੇ ਪ੍ਰਤੱਖ ਹੈ। ਗੁਰਮਤਿ ਸੰਗੀਤ ਦੀ ਮੌਲਿਕਤਾ ਨੂੰ ਪਛਾਣਨ ਲਈ ਹੋ ਰਹੇ ਵਿਭਿੰਨ ਯਤਨਾਂ ਦੇ ਬਾਵਜੂਦ ਇਸ ਦੀ ਇਕਸਾਰਤਾ ਜਾਂ ਇਕਰੂਪਤਾ ਸੰਭਵ ਨਹੀਂ ਹੋ ਸਕੀ। ਇਸ ਦੇ ਅੰਤਰਗਤ ਦੋ ਧਾਰਾਵਾਂ ਦ੍ਰਿਸ਼ਟਮਾਨ ਹਨ। ਗੁਰਮਤਿ ਸੰਗੀਤ ਦੇ ਸੁਰ ਲਿਪੀਬੱਧ ਸੰਗ੍ਰਹਿਆਂ ਦਾ ਲਾਭ ਕੁਝ ਕੁ ਅਨੁਸ਼ਾਸਿਤ ਸੰਗੀਤ ਜੀਵੀਆਂ ਨੂੰ ਤਾਂ ਹੋਇਆ ਪਰੰਤੂ ਕਈ ਇਸ ਪ੍ਰਭਾਵ ਤੋਂ ਮਹਿਰੂਮ ਹੀ ਰਹੇ। ਇਸ ਰੁਝਾਨ ਦੇ ਪ੍ਰਚਲਨ ਪਿੱਛੇ ਕਈ

ਦਹਾਕਿਆਂ ਦੀ ਆਪ ਮੁਹਾਰੀ ਪਿਰਤ ਕੰਮ ਕਰ ਰਹੀ ਸੀ ਜੋ ਲੋਕਪ੍ਰਿਯ ਗਾਇਕੀ ਦੇ ਵਕਤੀ ਭਾਵਾਂ ਦੀ ਅਨੁਸਾਰੀ ਸੀ। ਇਸ ਸਬੰਧੀ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਵਡਮੁੱਲਾ ਹੈ।

"ਸਾਨੂੰ ਸ਼ੋਕ ਨਾਲ ਲਿਖਣਾ ਪਿਆ ਹੈ ਕਿ ਸਿੱਖਾਂ ਨੇ ਸੰਗੀਤ ਵਿਦਯਾ ਗੁਰੂ ਸ੍ਰੀ ਅਰਜਨ ਦੇਵ ਦੀ ਦੱਸੀ ਭੁਲਾ ਦਿੱਤੀ ਹੈ। ਰਬਾਬ, ਸਾਰੰਦਾ ਅਤੇ ਮ੍ਰਿਦੰਗ ਸ਼ਾਯਦ ਵਿਰਲੇ ਰਾਗੀ ਹੀ ਚੰਗੀ ਤਰ੍ਹਾਂ ਵਜਾ ਸਕਦੇ ਹਨ। ਅੱਜਕਲ੍ਹ ਸਾਧਾਰਨ ਰਾਗੀ ਮਾਮੂਲੀ ਗੀਤਾਂ ਉੱਪਰ ਸ਼ਬਦਾਂ ਦੀਆਂ ਧਾਰਨਾਂ ਬਣਾ ਕੇ ਗਾਉਂਦੇ ਹਨ, ਉਨ੍ਹਾਂ ਨੂੰ ਪਤਾ ਨਹੀਂ ਕਿ ਛੰਦ, ਪੜਤਾਲ ਅਤੇ ਪੌੜੀ ਆਦਿ ਕਿਸ ਤਰ੍ਹਾਂ ਗਾਈਦੇ ਹਨ ......... ਪੰਥ ਮੁਖੀਏ ਇਕ 'ਗੁਰਮਤਿ ਸੰਗੀਤ ਆਸ਼ਰਮ' ਬਣਾ ਕੇ ਲਾਇਕ ਰਾਗੀ ਉਤਪੰਨ ਕਰਨ।"6

ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਨਿਰੰਤਰ ਸਜੀਵ ਵਿਵਹਾਰਕ ਪ੍ਰਚਲਨ ਦੀ ਜ਼ਿੰਮੇਵਾਰੀ ਕੀਰਤਨਕਾਰਾਂ, ਸਿੱਖ ਸੰਗਤਾਂ, ਸਰਪਰਸਤ ਧਾਰਮਿਕ ਸੰਸਥਾਵਾਂ ਤੇ ਸਿਖਲਾਈ ਸੰਸਥਾਵਾਂ ਉੱਪਰ ਹੈ। ਇਸ ਸੰਦਰਭ ਵਿਚ ਸਾਡੇ ਸਾਹਮਣੇ ਗੰਭੀਰ ਪ੍ਰਸ਼ਨ ਉਤਪੰਨ ਹੋ ਰਹੇ ਹਨ।

ਅਕਾਦਮਿਕ ਤੌਰ 'ਤੇ ਵੱਖ-ਵੱਖ ਯੂਨੀਵਰਸਿਟੀਆਂ ਦੁਆਰਾ ਗੁਰਮਤਿ ਸੰਗੀਤ ਦੀ ਵਿਸ਼ੇ ਵਜੋਂ ਸਥਾਪਤੀ, ਸੁਤੰਤਰ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਇਸ ਪਰੰਪਰਾ ਦੇ ਸਿਧਾਂਤ ਤੇ ਵਿਵਹਾਰ ਵਿਚਲੇ ਵਖਰੇਵੇਂ ਤੇ ਅਸੰਤੁਲਨ ਨੂੰ ਹੋਰ ਸਪੱਸ਼ਟ ਤੇ ਤੀਖਣ ਕਰ ਦਿੱਤਾ ਹੈ।

ਵਿਸ਼ਵ ਭਰ ਵਿਚ ਸਿੱਖ ਗੁਰਦੁਆਰਾ ਸਾਹਿਬਾਨ, ਸਿੱਖ ਸਮਾਗਮਾਂ ਵਿਚ ਕੀਰਤਨ ਦਾ ਮੌਜੂਦਾ ਪ੍ਰਚਲਨ, ਵੱਖ ਵੱਖ ਸਥਾਨਾਂ 'ਤੇ ਕੀਰਤਨ ਦੀਆਂ ਆਪੋ-ਆਪਣੀਆਂ ਸਿਖਲਾਈ- ਵਿਧੀਆਂ ਦੁਆਰਾ ਕਰਵਾਈ ਜਾ ਰਹੀ ਗੁਰਮਤਿ ਸੰਗੀਤ ਦੀ ਸਿੱਖਿਆ ਅਤੇ ਸਿੱਖ ਸੰਗਤਾਂ ਵਿਚ ਕੀਰਤਨ ਦੇ ਵਰਤਮਾਨ ਰੂਪ ਦੀ ਮਕਬੂਲੀਅਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬੁਨਿਆਦੀ ਸੰਗੀਤ ਵਿਗਿਆਨ ਤੇ ਪ੍ਰਮਾਣਿਕ ਕੀਰਤਨ ਮਰਯਾਦਾ ਪ੍ਰਤੀ ਨਵੀਨ ਚੁਣੌਤੀਆਂ ਪੇਸ਼ ਕਰ ਰਹੀ ਹੈ। ਸੰਗੀਤ ਪਰੰਪਰਾ ਵਿਚ ਪ੍ਰਚਲਿਤ ਵਰਤਮਾਨ ਗਾਇਨ ਸ਼ੈਲੀਆਂ ਨੂੰ ਅਸੀਂ ਕਿਸ ਰੂਪ ਵਿਚ ਅਪਣਾਉਣਾ ਹੈ ਅਤੇ ਆਪਣੀ ਪਰੰਪਰਾ ਦਾ ਪੂਰਨ ਰੂਪ ਵਿਚ ਅਨੁਸਰਣ ਕਿਵੇਂ ਕਰਨਾ ਹੈ ?

ਉਕਤ ਸਥਿਤੀ ਦੇ ਸਨਮੁਖ ਗੁਰਮਤਿ ਸੰਗੀਤ ਅਧਿਐਨ ਤੇ ਅਧਿਆਪਨ ਵਿਚ ਆਉਣ ਵਾਲੀਆਂ ਕੁਝ ਚੁਣੌਤੀਆਂ ਸਾਡੇ ਗੰਭੀਰ ਵਿਚਾਰ ਚਾਹੁੰਦੀਆਂ ਹਨ। ਗੁਰੂ ਸਾਹਿਬਾਨ ਨੇ ਆਪਣੀ ਸਮਕਾਲੀ ਸਨਾਤਨੀ ਤੇ ਦੇਸੀ ਸੰਗੀਤ ਪਰੰਪਰਾ ਦਾ ਸਹਿਜ ਸੰਤੁਲਿਤ ਸੁਮੇਲ ਕਰਦਿਆਂ ਸ਼ਬਦ ਕੀਰਤਨ ਦੀ ਪਰੰਪਰਾ ਚਲਾਈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਗੁਰੂ ਸਾਹਿਬਾਨ ਦੀ ਅਗਵਾਈ ਤੇ ਗੁਰਦਰਬਾਰ ਦੀ ਸਰਪ੍ਰਸਤੀ ਵਿਚ ਵਿਕਸਿਤ ਹੋਈ। ਵਰਤਮਾਨ ਸਮੇਂ ਤੰਤੀ ਸਾਜ਼ਾਂ ਦਾ ਪ੍ਰਚਲਨ ਨਹੀਂ ਰਿਹਾ। ਹਰਮੋਨੀਅਮ ਵਰਗੇ ਸੁਖੈਨ ਸਾਜ਼ਾਂ ਦੇ ਪ੍ਰਚਲਨ ਦੀ ਸਥਿਤੀ ਤੋਂ ਮੂਲ ਤੰਤੀ ਸਾਜ਼ਾਂ ਦੀ ਪਰੰਪਰਾ ਵੱਲ ਕਿਵੇਂ ਮੋੜਿਆ ਜਾ ਸਕਦਾ ਹੈ? ਰਾਗਾਤਮਕ ਕੀਰਤਨ ਚੌਕੀ ਪਰੰਪਰਾ ਦੇ ਬੰਧੇਜ ਨੂੰ ਸਵੀਕਾਰਨਾ ਹੈ ਜਾਂ ਇਸ ਬੰਧਨ ਤੋਂ ਮੁਕਤ ਹੋ ਕੀਰਤਨ ਕਰਨਾ ਹੈ? ਕੀ ਗੀਤ, ਗ਼ਜ਼ਲ ਸ਼ੈਲੀ ਦੀ ਕੀਰਤਨ ਨੂੰ ਪ੍ਰਵਾਨਗੀ ਦੇਣੀ ਹੈ? ਕੀ ਅਕਾਦਮਿਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸੰਗੀਤ ਵਿਗਿਆਨ ਦਾ ਅਨੁਸਾਰੀ

ਸੁਸਿੱਖਿਅਤ ਵਰਗ ਗੁਰਮਤਿ ਸੰਗੀਤ ਦੀ ਇਕ ਸਨਾਤਨੀ ਪਰੰਪਰਾ ਤਾਂ ਨਹੀਂ ਸਿਰਜ ਦੇਵੇਗਾ? ਗੁਰਮਤਿ ਸੰਗੀਤ ਦੇ ਅਧਿਐਨ-ਅਧਿਆਪਨ ਤੋਂ ਅਜਿਹੇ ਕਈ ਹੋਰ ਗੰਭੀਰ ਸਵਾਲ ਅਤੇ ਉਤਪੰਨ ਚੁਣੌਤੀਆਂ ਦੇ ਸਨਮੁਖ ਅਸੀਂ ਸਮੇਂ ਦੀ ਅਜਿਹੀ ਕਗਾਰ 'ਤੇ ਖਲੋਤੇ ਹਾਂ। ਇਸ ਸੰਦਰਭ ਵਿਚ ਉਕਤ ਕੁਝ ਗੰਭੀਰ ਮਸਲੇ ਆਪ ਸਭ ਦੇ ਸਨਮੁਖ ਹਨ ਜਿਨ੍ਹਾਂ ਉੱਤੇ ਵਿਚਾਰ ਲੋੜੀਂਦੀ ਹੈ।

**ਫੁੱਟ ਨੋਟ :**

1. ਤਿੰਨ ਪਹਿਰੇ ਦੀ ਚੌਕੀ, ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਅਨੰਦ ਦੀ ਚੌਕੀ, ਚਰਣ ਕਮਲ ਜਾਂ ਸਾਰੰਗ ਦੀ ਚੌਕੀ, ਸੋਦਰੁ ਦੀ ਚੌਕੀ, ਆਰਤੀ ਦੀ ਚੌਕੀ, ਕਲਿਆਣ ਦੀ ਚੌਕੀ, ਕਾਨੜੇ ਦੀ ਚੌਕੀ, ਬਸੰਤ ਦੀ ਚੌਕੀ ਆਦਿ।
2. ਸ਼ਾਸਤਰੀ ਸੰਗੀਤ ਅੰਗ ਦੀਆਂ ਸ਼ੈਲੀਆਂ:ਅਸਟਪਦੀ, ਪਦੇ, ਪੜਤਾਲ ਅਤੇ ਲੋਕ ਸੰਗੀਤ ਅੰਗ ਦੀਆਂ ਗਾਇਨ ਸ਼ੈਲੀਆਂ ਵਾਰ, ਛੰਤ, ਅਲਾਹੁਣੀਆਂ, ਘੋੜੀਆਂ ਆਦਿ।
3. ਤੰਤੀ ਸਾਜ਼: ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਤੰਬੂਰਾ। ਅਵਨਧ ਸਾਜ਼:ਮ੍ਰਿਦੰਗ, ਪਖਾਵਜ, ਤਬਲਾ ਆਦਿ।
4. ਦਮਦਮਾ ਸਾਹਿਬ ਟਕਸਾਲ, ਬੁੱਢਾ ਜੌਹੜ ਟਕਸਾਲ, ਮਸਤੂਆਣਾ ਟਕਸਾਲ, ਸੇਵਾਪੰਥੀ ਟਕਸਾਲ, ਦੌਧਰ ਟਕਸਾਲ, ਹਰਗਨਾ ਟਕਸਾਲ, ਤਰਨਤਾਰਨ ਟਕਸਾਲ ਆਦਿ।
5. ਭਾਈ ਪ੍ਰੇਮ ਸਿੰਘ, ਮਾਸਟਰ ਸੁੰਦਰ ਸਿੰਘ, ਮਾਸਟਰ ਮੋਹਨ ਸਿੰਘ, ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਬ, ਪ੍ਰਿੰ. ਦਿਆਲ ਸਿੰਘ, ਪ੍ਰੋਫੈਸਰ


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630


## POSITIVE THINKING

- The pain you feel today is the strength you fell tomorrow. For every challenge encountered there is opportunity for growth.
- Excellence has always been achieved by those who dared believe that something inside them is superior to circumstances.
- Never give up on something you really want. It's difficult to wait but more difficult to regret.
- In journey of life, we face pleasure & pain sunshine & rain, loss & gain, But we must learn to smile again and again.

***With best Compliments from a Well Wisher***

# ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ

## ਜਾਗੀਰ ਸਿੰਘ

ਗੁਰਮਤਿ ਸੰਗੀਤ ਦੇ ਅਕਾਦਮਿਕ ਵਿਕਾਸ ਦੇ ਨਾਲ ਇਸ ਦੇ ਡੂੰਘੇਰੇ ਅਧਿਐਨ ਦੀ ਆਵਸ਼ਕਤਾ ਅਨੁਭਵ ਕੀਤੀ ਜਾ ਰਹੀ ਹੈ। ਜਿਵੇਂ ਜਿਵੇਂ ਇਹ ਅਧਿਐਨ ਕਰਦੇ ਹਾਂ ਤਾਂ ਇਸ ਦੇ ਗਾਇਨ ਅਤੇ ਪ੍ਰਸਤੁਤੀ ਵਿਧਾਨ ਦੀਆਂ ਕਈ ਰਮਜ਼ਾਂ ਪ੍ਰਗਟ ਹੋ ਰਹੀਆਂ ਹਨ। ਗੁਰਬਾਣੀ ਦੇ ਸੰਧਰਭ ਵਿੱਚ ਅਧਿਆਤਮ ਅਤੇ ਸੰਗੀਤ, ਮਨੁਖੀ ਜੀਵਨ ਅਤੇ ਸੰਗੀਤ, ਗੁਰਮਤਿ ਸੰਗੀਤ ਦੀਆਂ ਪ੍ਰਸਤੂਤੀਆਂ ਦੇ ਸਰੂਪ ਦਾ ਮਹੱਤਵ ਆਦਿ ਅਨੇਕਾਂ ਵਿਸ਼ੇ ਹਨ ਜਿਹਨਾਂ ਦਾ ਅਧਿਐਨ ਕਰਨ ਦੀ ਜ਼ਰੂਰਤ ਹੈ।

ਸੰਗੀਤ ਇੱਕ ਸਰਬ ਵਿਆਪਕ ਵਰਤਾਰਾ ਹੈ। ਭਾਵੇਂ ਉਸਦਾ ਸਰੂਪ ਕਈ ਵਾਰ ਭਿੰਨ ਜਾਪਦਾ ਹੈ ਪਰ ਉਸ ਵਿੱਚ ਲੈਅ ਅਤੇ ਸੁਰ ਸਾਂਝੇ ਹਨ। ਕਈ ਵਾਰ ਸਾਡੇ ਮਨ ਵਿੱਚ ਪ੍ਰਸ਼ਨ ਉਠਦਾ ਹੈ ਸੰਗੀਤ ਸਾਨੂੰ ਕਿਉਂ ਚੰਗਾ ਲਗਦਾ ਹੈ। ਸਾਰੇ ਜੀਵ ਜੰਤੂ ਸੰਗੀਤ ਦੇ ਸੁਰ ਲੈਅ ਨਾਲ ਕਿਉਂ ਕੀਲੇ ਜਾਂਦੇ ਹਨ। ਕਿਉਂ ਜੀਵਨ ਨਾਲ ਸਬੰਧਤ ਮਹਾਨ ਭਾਵਨਾਵਾਂ ਸੰਗੀਤ ਰਾਹੀਂ ਪ੍ਰਗਟ ਹੁੰਦੀਆਂ ਅਤੇ ਗ੍ਰਹਿਣ ਕੀਤੀਆਂ ਜਾਂਦੀਆਂ ਹਨ। ਇਹਨਾਂ ਬਾਰੇ ਥੋਹੜੀ ਵਿਚਾਰ ਕਰਦੇ ਹਾਂ।

ਜੀਵਨ ਗਤੀਸ਼ੀਲ ਹੈ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਗਤੀਸ਼ੀਲਤਾ ਹੀ ਜੀਵਨ ਹੈ। ਸਿਆਣੇ ਆਖਦੇ ਹਨ ਕਿ ਹਰ ਵਸਤੂਗਤੀਸ਼ੀਲ ਹੈ। ਇਸ ਲਈ ਹਰ ਵਸਤੂ ਜੀਵੰਤ ਹੈ। ਇਸ ਤਰ੍ਹਾਂ ਸਾਰਾ ਬ੍ਰਹਿਮੰਡ ਹੀ ਗੀਤੀਸ਼ੀਲ ਹੈ। ਇਸ ਗਤੀਸ਼ੀਲਤਾ ਦੀ ਹੀ ਇਕ ਅਵਸਥਾ ਹੈ ਸੰਗੀਤ। ਸਾਰਾ ਬ੍ਰਹਿਮੰਡ ਇਕਸਾਰ ਗਤੀਸ਼ੀਲਤਾ ਦੀ ਅਵਸਥਾ ਵਿਚ ਹੈ ਤਾਂ ਇਹ ਸਾਰਾ ਕੁਝ ਸੰਗੀਤਕ ਅਵਸਥਾ ਵਿੱਚ ਹੀ ਹੁੰਦਾ ਹੈ। ਗੁਰੂਨਾਨਕ ਦੇਵ ਜੀ ਦੀ ਰਚਨਾ ਸੋਦਰ ਵਿੱਚ ਦਰਸਾਈ ਸੰਗੀਤ ਦੀ ਮਹਿਮਾ ਕੇਵਲ ਕਾਵਿਕ ਜਾਂ ਅਧਿਆਤਮਕ ਸੱਚ ਹੀ ਨਹੀਂ ਸਗੋਂ ਉਹ ਵਿਗਿਆਨਕ ਸੱਚ ਦਾ ਵੀ ਝਲਕਾਰਾ ਦਿੰਦੀ ਹੈ। ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ।

ਸਾਡਾ ਸਰੀਰ ਵੀ ਬ੍ਰਹਿਮੰਡੀ ਲੈਅ ਦੇ ਅਨੁਸਾਰ ਹੀ ਗਤੀਸ਼ੀਲ ਹੈ। ਜੋ ਬ੍ਰਹਿਮੰਡੇ ਸੋਈ ਪਿੰਡੇ। ਇਸ ਸਰੀਰ ਦੇ ਸਾਰੇ ਅੰਗ ਸਾਰੀਆਂ ਨਾੜੀਆਂ, ਲਹੂ ਦਾ ਵਹਾਅ ਇਕ ਖਾਸ ਲੈਅ ਦੇ ਅਨੁਸਾਰ ਚਲ ਰਹੇ ਹਨ। ਜਦੋਂ ਕਦੀ ਇਹ ਲੈਅ ਟੁੱਟਦੀ ਹੈ ਤਾਂ ਸਰੀਰ ਅਸਵਸਥ ਹੋ ਜਾਂਦਾ ਹੈ। ਫਿਰ ਬਾਹਰੀ ਜਤਨਾਂ ਨਾਲ ਇਸ ਲੈਅ ਨੂੰ ਠੀਕ ਕਰਕੇ ਮੁੜ ਲੈਅਬਧ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਸੰਗੀਤ ਅਤੇ ਮਨੁੱਖੀ ਜੀਵਨ ਅਟੁੱਟ ਸੰਬੰਧ ਵਿਚ ਜੁੜੇ ਹਨ।

ਸਾਰੇ ਸੰਸਾਰ ਦੇ ਮਨੁੱਖਾਂ ਦੇ ਸਰੀਰਾਂ ਦੀ ਲੈਅ ਇਕੋ ਜਿਹੀ ਹੈ। ਇਸ ਲਈ ਸਾਰਿਆਂ ਨੂੰ ਸੰਗੀਤ ਸੁਖਦ ਲਗਦਾ ਹੈ। ਜਦੋਂ ਮਨੁੱਖੀ ਸਰੀਰ ਦੀ ਲੈਅ ਅਤੇ ਬ੍ਰਹਿਮੰਡੀ ਲੈਅ ਦੀ ਇਕਸਾਰਤਾ ਮਹਿਸੂਸ ਹੁੰਦੀ

ਹੈ ਤਾਂ ਪਰਮਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਇਹ ਇਕਸਾਰਤਾ ਕਿਸੇ ਨੂੰ ਘਟ ਜਾਂ ਵੱਧ ਮਹਿਸੂਸ ਹੁੰਦੀ ਹੈ। ਉਸੇ ਅਨੁਸਾਰ ਹੀ ਉਸ ਮਨੁੱਖ ਦੀ ਪ੍ਰਤਿਭਾ ਵਿਕਸਤ ਹੁੰਦੀ ਹੈ। ਜਦੋਂ ਕੋਈ ਮਨੁੱਖ ਬ੍ਰਹਿਮੰਡੀ ਲੈਅ ਦੀ ਇਕਸਾਰਤਾ ਮਹਿਸੂਸ ਕਰਦਿਆਂ ਕਾਰਜ ਕਰਦਾ ਹੈ ਤਾਂ ਉਹ ਕਾਰਜ ਕੁਦਰਤ ਅਤੇ ਮਨੁੱਖੀ ਸਮਾਜ ਲਈ ਲਾਹੇਵੰਦ ਹੋ ਨਿਬੜਦੇ ਹਨ।

ਸੰਸਾਰ ਦੇ ਮਹਾਂਪੁਰਖ ਇਸੇ ਸੰਗੀਤਕਤਾ ਅਨੁਸਾਰ ਹੀ ਇਸ ਸੰਸਾਰ ਵਿਚ ਵਿਚਰੇ ਅਤੇ ਉਹਨਾਂ ਨੇ ਸਮਾਜ ਨੂੰ ਇਕ ਸੁਰ ਅਤੇ ਤਾਲਬੱਧ ਕਰਨ ਦਾ ਜਤਨ ਕੀਤਾ।ਜਦੋਂ ਸਮਾਜ ਦਾ ਵਰਤਾਰਾ ਸੰਗੀਤਮਈ ਨਹੀਂ ਰਹਿੰਦਾ ਅਰਾਜਕਤਾ ਫੈਲਦੀ ਹੈ। ਮਨੁੱਖਾਂ ਵਿਚ ਅਣਬਣ ਅਤੇ ਬੇਲੋੜਾ ਤਣਾਉ ਪੈਦਾ ਹੋ ਜਾਂਦਾ ਹੈ। ਜ਼ਰੂਰੀ ਹੈ ਇਸ ਵਧੇ ਹੋਏ ਤਣਾਉ ਨੂੰ ਸਹਿਜ ਅਵਸਥਾ ਵਿਚ ਲਿਆਂਦਾ ਜਾਵੇ। ਪਰ ਹੁੰਦਾ ਇਸ ਤੋਂ ਉਲਟ ਹੈ। ਅਸੀਂ ਸਮਾਜਕ ਵਰਤਾਰੇ ਦੇ ਤਣਾਉ ਨੂੰ ਸਹਿਜ ਵਿਚ ਕਰਨ ਦੀ ਬਜਾਇ ਉਸ ਬੇਸੁਰਤਾ ਅਤੇ ਬੇਤਾਲੇਪਣ ਨਾਲ ਮਿਲ ਕੇ ਵਿਚਰਨ ਲਗਦੇ ਹਾਂ।

ਸੰਗੀਤ ਜੋ ਸਾਡੇ ਜੀਵਨ ਦਾ ਇੱਕ ਸਹਿਜ ਵਰਤਾਰਾ ਸੀ ਪਰ ਸਮੇਂ ਨਾਲ ਇਸ ਦੀ ਸਿੱਖਿਆ ਦੀ ਲੋੜ ਮਹਿਸੂਸ ਹੁੰਦੀ ਹੈ। ਅਤੇ ਇਸੇ ਲੋੜ ਵਿੱਚੋਂ ਸੰਗੀਤ ਸ਼ਾਸਤਰ ਦੀ ਉਤਪਤੀ ਹੁੰਦੀ ਹੈ। ਸੰਗੀਤ ਦੀ ਇਸ ਸਿਰਜਨਾ ਨੂੰ ਸੂਤਰਬਧ ਕਰਕੇ ਸਿਧਾਂਤ ਬਣਾਏ ਗਏ। ਇਹਨਾਂ ਸਿਧਾਂਤਾਂ ਨੂੰ ਜਦੋਂ ਲਿਖਿਆ ਗਿਆ ਤਾਂ ਸ਼ਾਸਤਰ ਬਣਿਆ ਅਤੇ ਫਿਰ ਉਸ ਸ਼ਾਸਤਰ ਅਨੁਸਾਰ ਜਿਹੜੇ ਸੰਗੀਤ ਦਾ ਗਾਇਨ ਹੋਇਆ ਉਸ ਨੂੰ ਸ਼ਾਸਤਰੀ ਸੰਗੀਤ ਕਿਹਾ ਗਿਆ। ਸ਼ਾਸਤਰੀ ਸੰਗੀਤ ਗਾਇਨ ਸੰਗੀਤ ਦੇ ਵਿਆਕਰਨ ਅਨੁਸਾਰ ਹੁੰਦਾ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਸ਼ਾਸਤਰੀ ਸੰਗੀਤ ਤੋਂ ਬਿਨਾ ਸੰਗੀਤ ਦੀ ਹੋਂਦ ਨਹੀਂ। ਸੰਗੀਤ ਪਹਿਲਾਂ ਵਿਦਮਾਨ ਸੀ ਤਾਂ ਬਾਅਦ ਵਿੱਚ ਸੰਗੀਤ ਦੇ ਸ਼ਾਸਤਰ ਦੀ ਰਚਨਾ ਹੋਈ। ਜਿਵੇਂ ਪਹਿਲਾਂ ਭਾਸ਼ਾ ਦੀ ਹੋਂਦ ਸੀ। ਉਸ ਭਾਸ਼ਾ ਦਾ ਵਿਆਕਰਨ ਬਾਅਦ ਵਿਚ ਬਣਾਇਆ ਗਿਆ।

ਇਸ ਲਈ ਜਦੋਂ ਅਸੀਂ ਭਾਰਤੀ ਸ਼ਾਸਤਰੀ ਸੰਗੀਤ ਦੀ ਗੱਲ ਕਰਦੇ ਹਾਂ ਤਾਂ ਇਸ ਤੱਥ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਗੁਰਮਤਿ ਸੰਗੀਤ ਨੂੰ ਭਾਵੇਂ ਅਸੀਂ ਕੇਵਲ ਸਿੱਖ-ਸੰਗੀਤ ਹੀ ਸਮਝਦੇ ਹਾਂ ਪਰ ਇਹ ਸੰਗੀਤ ਵੀ ਗੁਰਮਤਿ ਦੇ ਸਿਧਾਂਤ, ਬਾਣੀ ਅਤੇ ਧਰਮ ਸਿਧਾਂਤਾਂ ਵਾਂਗ ਸਮੁੱਚੇ ਭਾਰਤੀ ਸੰਗੀਤ ਦੀ ਪ੍ਰਤੀਨਿਧਤਾ ਕਰਦਾ ਹੈ। ਭਗਤ ਬਾਣੀਕਾਰ ਅਤੇ ਗੁਰੂਸਾਹਿਬਾਨ ਉਸ ਵੇਲੇ ਦੇ ਪ੍ਰਚਲਤ ਸੰਗੀਤ ਤੋਂ ਭਲੀ ਭਾਂਤ ਜਾਣਕਾਰ ਸਨ। ਉਸੇ ਤਰ੍ਹਾਂ ਹੀ ਜਿਵੇਂ ਉਹ ਭਾਰਤ ਵਿਚ ਪ੍ਰਚਲਤ ਭਾਸ਼ਾਵਾਂ, ਧਰਮ ਅਤੇ ਹੋਰ ਸਮਾਜ ਦੇ ਵਰਤਾਰੇ ਬਾਰੇ ਗਿਆਨ ਰੱਖਦੇ ਸਨ। ਇਹ ਗੱਲ ਗੁਰੂ ਗ੍ਰੰਥ ਸਾਹਿਬ ਦਰਜ ਬਾਣੀ ਦੇ ਅਧਿਐਨ ਤੋਂ ਭਲੀਭਾਂਤ ਸਪਸ਼ਟ ਹੋ ਜਾਂਦੀ ਹੈ।

ਗੁਰੂਗ੍ਰੰਥ ਸਾਹਿਬ ਦੀ ਬਾਣੀ ਰਾਗਾਂ ਵਿੱਚ ਦਰਜ ਹੈ। ਭਾਵੇਂ ਉਹ ਬਾਣੀ ਭਗਤਾਂ ਦੀ ਹੈ ਅਤੇ ਭਾਵੇਂ ਗੁਰੂਸਾਹਿਬਾਨ ਦੀ। ਕੁਝ ਵਿਦਵਾਨਾਂ ਦਾ ਵਿਚਾਰ ਸੀ ਕਿ ਭਗਤਾਂ ਦੀ ਬਾਣੀ ਉੱਪਰ ਰਾਗ ਦਾ ਸੰਕੇਤ ਸ਼ਾਇਦ ਗੁਰੂਅਰਜਨ ਦੇਵ ਜੀ ਨੇ ਲਿਖਿਆ ਹੈ ਪਰ ਭਗਤ ਬਾਣੀ ਦੇ ਅਧਿਐਨ ਨਾਲ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਭਗਤਾਂ ਨੂੰ ਖੁਦ ਰਾਗ ਦਾ ਗਿਆਨ ਸੀ। ਭਗਤ ਕਬੀਰ ਬਸੰਤ ਰਾਗ ਵਿਚ ਗਾਇਨ ਕਰਦੇ ਹਨ-ਮਉਲੀ ਧਰਤੀ ਮਉਲਿਆ ਆਕਾਸ॥ ਰਾਗ ਧਨਾਸਰੀ ਵਿੱਚ ਗੁਰੂਨਾਨਕ ਦੇਵ ਜੀ ਦੀ ਆਰਤੀ ਰਚਨਾ ਦੇ ਨਾਲ ਨਾਲ ਭਗਤ ਰਵਿਦਾਸ, ਭਗਤ ਸੈਣ ਅਤੇ ਭਗਤ ਧੰਨਾ ਜੀ ਦੇ ਆਰਤੀ ਨਾਲ ਸਬੰਧਤ

ਸ਼ਬਦਾਂ ਤੋ ਇਹ ਅਨੁਮਾਨ ਲਗਾਉਣਾ ਉਚਿਤ ਹੈ ਭਗਤਾਂ ਨੂੰ ਖੁਦ ਰਾਗ ਦਾ ਗਿਆਨ ਸੀ। ਪੁਰਾਤਨ ਜਨਮ ਸਾਖੀਆਂ ਵਿਚੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਇਕ ਜਨਮ ਸਾਖੀ ਵਿਚ ਗੁਰੂਨਾਨਕ ਦੇਵ ਜੀ ਦਾ ਕਥਨ ਦਰਜ ਹੈ-ਭਗਤ ਕਬੀਰ ਨੇ ਗਉੜੀ ਰਾਗ ਕਉ ਅੰਗੀਕਾਰ ਕੀਆ ਹੈ। ਇਸ ਲਈ ਉਸੇ ਵੇਲੇ ਭਗਤੀ ਲਹਿਰ ਅਤੇ ਗੁਰਮਤਿ ਧਾਰਾ ਦੇ ਬਾਣੀਕਾਰਾਂ ਦੇ ਜੀਵਨ ਵਿੱਚ ਸੰਗੀਤ ਦਾ ਮਹੱਤਵਪੂਰਨ ਸੀ।

ਗੁਰੂਨਾਨਕ ਸਾਹਿਬ ਦੇ ਸਮੇਂ ਤੋਂ ਹੀ ਵਿਧੀਵਤ ਕੀਰਤਨ ਚੌਕੀ ਪਰੰਪਰਾ ਦਾ ਆਰੰਭ ਹੋਇਆ। ਗੁਰੂਅਰਜਨ ਦੇਵ ਜੀ ਦੇ ਸਮੇਂ ਤਕ ਇਹ ਪੂਰੀ ਤਰ੍ਹਾਂ ਵਿਕਸਤ ਹੋ ਗਈ। ਮੌਜੂਦਾ ਕੀਰਤਨ ਚੌਕੀ ਦੀ ਬਣਤਰ ਉਸ ਵੇਲੇ ਗੁਰੂਦਰਬਾਰ ਦੇ ਹਜ਼ੂਰੀ ਜਲੌਅ, ਸੰਗੀਤ ਅਤੇ ਮਨੁੱਖੀ ਮਾਨਸਿਕ ਅਵਸਥਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਇਸ ਬਣਤਰ ਦਾ ਨਮੂਨਾ ਗੁਰੂਗ੍ਰੰਥ ਸਾਹਿਬ ਦੀ ਸੰਪਾਦਨ ਵਿਧੀ ਵਿਚ ਵੀ ਦਰਜ ਹੈ। ਜਦੋਂ ਕਿਸੇ ਬਾਣੀ ਦਾ ਅਰੰਭ ਹੁੰਦਾ ਹੈ ਤਾਂ ਪਹਿਲਾਂ ਰਾਗ ਦਾ ਨਾਮ ਦਰਜ ਕੀਤਾ ਗਿਆ ਹੈ। ਫਿਰ ਮੰਗਲਾ ਚਰਨ (ਮੂਲ ਮੰਤਰ) ਫਿਰ ਪਦੇ, ਅਸਟਪਦੀਆਂ, ਫਿਰ ਲੋਕ ਕਾਵਿਰੂਪ ਅਤੇ ਫਿਰ ਵਾਰਾਂ। ਕੀਰਤਨ ਚੌਕੀ ਦੀ ਬਣਤਰ ਵੀ ਲਗਪਗ ਇਸ ਤਰ੍ਹਾਂ ਦੀ ਹੈ।

ਸ਼ਬਦ ਗਾਇਨ ਆਰੰਭ ਕਰਨ ਤੋਂ ਪਹਿਲਾਂ ਉਸ ਰਾਗ ਵਿਚ ਨਗਮਾ ਜਾਂ ਲਹਿਰਾ ਵਜਾਇਆ ਜਾਂਦਾ ਹੈ। ਜਨਮ ਸਾਖੀਆਂ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂਨਾਨਕ ਦੇਵ ਜੀ ਨੂੰ ਬਾਣੀ ਦਾ ਆਵੇਸ਼ ਹੋਇਆ ਤਾਂ ਮਰਦਾਨੇ ਨੇ ਵਿਸ਼ੇਸ਼ ਰਾਗ ਵਿੱਚ ਰਬਾਬ ਉੱਤੇ ਅਲਾਪਕਾਰੀ ਕੀਤੀ। ਨਗਮੇ ਦੀ ਪੇਸ਼ਕਾਰੀ ਤੋਂ ਬਾਅਦ ਉਸੇ ਰਾਗ ਵਿਚ ਵਿਲੰਬਤ ਲੈਅ ਵਿਚ ਮੰਗਲਾਚਰਨ ਗਾਇਨ ਕੀਤਾ ਜਾਂਦਾ ਹੈ। ਫਿਰ ਧਰੂਪਦ ਅੰਗ ਵਿਚ ਸ਼ਬਦ ਗਾਇਨ, ਫਿਰ ਸੁਗਮ ਰੀਤ ਅਨੁਸਾਰ ਸ਼ਬਦ ਫਿਰ ਲੋਕ ਅੰਗ ਵਿਚ ਛੰਤ ਆਦਿ ਦਾ ਗਾਇਲ ਅਤੇ ਵਾਰ ਦੀ ਪਉੜੀ ਦਾ ਗਾਇਨ ਕਰਕੇ ਸਮਾਪਤੀ ਕੀਤੀ ਜਾਂਦੀ ਹੈ। ਇਸ ਕੀਰਤਨ ਚੌਕੀ ਦੀ ਰਚਨਾ ਇਸ ਤਰ੍ਹਾਂ ਕੀਤੀ ਗਈ ਹੈ ਕਿ ਹਰ ਮਾਨਸਿਕ ਪੱਧਰ ਦਾ ਸਰੋਤਾ ਸਾਰੀ ਚੌਕੀ ਵਿਚ ਕੀਰਤਨ ਨਾਲ ਜੁੜਿਆ ਮਹਿਸੂਸ ਕਰਦਾ ਹੈ।

ਇਸ ਤਰ੍ਹਾਂ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸਮਰੱਗੀ ਵਿਚ ਕਾਫੀ ਸਮਾਨਤਾ ਹੈ ਪਰ ਪੇਸ਼ਕਾਰੀ ਵਿਚ ਭਿੰਨਤਾ ਹੈ। ਸਾਨੂੰ ਇਹਨਾਂ ਸਮਾਨਤਾਵਾਂ ਅਤੇ ਭਿੰਨਤਾਵਾਂ ਦਾ ਸਤਿਕਾਰ ਕਰਦਿਆਂ ਦੋਹਾਂ ਸੰਗੀਤ ਪੱਦਤੀਆਂ ਦਾ ਅਧਿਐਨ ਕਰਨਾ ਚਾਹੀਦਾ ਹੈ।

ਸਾਬਕਾ ਪ੍ਰੋਫੈਸਰ ਤੇ ਮੁਖੀ,ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਸ੍ਰੀ ਅਕਾਲ ਤਖਤ ਸਾਹਿਬ ਦੀ ਢਾਡੀ ਪਰੰਪਰਾ

## ਬਿਕਰਮਜੀਤ ਸਿੰਘ

ਸੰਨ ੧੬੦੬ ਵਿਚ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ ਵਿਚ ਇਕ ਨਵਾਂ ਮੋੜ ਆਇਆ, ਜਿਸ ਤਹਿਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ (ਅਕਾਲ ਬੁੰਗੇ) ਦੀ ਸਿਰਜਣਾ ਕਰ ਕੇ ਮੁਗਲ ਹਕੂਮਤ ਖ਼ਿਲਾਫ ਇਕ ਨਵਾਂ ਐਲਾਨਨਾਮਾ ਜਾਰੀ ਕਰ ਦਿੱਤਾ। ਛੇਵੇਂ ਗੁਰੂ ਜੀ ਨੇ ਖ਼ੁਦ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੇ ਹੁਕਮ ਜਾਰੀ ਕਰ ਦਿੱਤੇ। ਗੁਰੂ ਜੀ ਨੇ ਸਿੱਖਾਂ ਨੂੰ ਜਿੱਥੇ ਸਰੀਰਕ ਤੌਰ 'ਤੇ ਬਲਵਾਨ ਬਣਾਉਣ ਵਾਸਤੇ ਕਈ ਤਰ੍ਹਾਂ ਦੇ ਕਾਰਜ ਅਰੰਭੇ ਉੱਥੇ ਨਾਲ ਦੇ ਨਾਲ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਅਤੇ ਸਿੱਖ ਧਰਮ ਅੰਦੋਲਨ ਵਿਚ ਬੀਰ-ਰਸੀ ਚੇਤਨਾ ਪੈਦਾ ਕਰਨ ਲਈ 'ਢਾਡੀਆਂ' ਤੋਂ ਵਾਰਾਂ ਗਵਾਉਣ ਦੀ ਪਿਰਤ ਪਾਈ,ਜਿਸ ਤਹਿਤ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿਚ 'ਢੱਡ' ਅਤੇ ਸਾਰੰਗੀ ਦਾ ਬੀਰ-ਰਸੀ ਨਾਦ ਅਤੇ ਧੁੰਨਾਂ ਗੂੰਜਣ ਲੱਗੀਆਂ।

ਅਸਲ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 'ਢਾਡੀਆਂ' ਦੁਆਰਾ ਬੀਰ-ਰਸੀ ਵਾਰਾਂ ਗਵਾਉਣ ਦਾ ਮਕਸਦ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਆਤਮਿਕ ਤੌਰ 'ਤੇ ਤਿਆਰ ਕਰ ਕੇ ਉਨ੍ਹਾਂ ਅੰਦਰ ਜੰਗਜੂ ਸਪਿਰਟ ਪੈਦਾ ਕਰਨਾ ਸੀ। ਜੋ ਕਿ ਗੁਰੂ ਸਾਹਿਬ ਜੀ ਨੇ ਬਾਅਦ ਵਿਚ ਆਪਣੇ ਦੁਆਰਾ ਮੁਗਲਾਂ ਨਾਲ ਲੜੀਆਂ ਜੰਗਾਂ ਵਿਚ ਵੀ ਵਰਤੀ।

ਹੁਣ ਜੇ ਅਸੀ 'ਢਾਡੀ ਕਲਾ' ਦੀ ਸੰਰਚਨਾ ਅਤੇ ਅਰੰਭ ਦੀ ਗੱਲ ਕਰੀਏ ਤਾਂ 'ਢਾਡੀ ਕਲਾ' ਦੀ ਪਰੰਪਰਾ ਕਾਫੀ ਪੁਰਾਣੀ ਪ੍ਰਤੀਤ ਹੁੰਦੀ ਹੈ। ਇਹ ਪਰੰਪਰਾ ਅਸਲ ਵਿਚ ਸੰਗੀਤ-ਕਲਾ ਨਾਲ ਜੁੜੀ ਹੋਈ ਹੈ। 'ਢਾਡੀ' ਆਮ ਤੌਰ 'ਤੇ ਤਿੰਨ ਜਾਂ ਚਾਰ ਵਿਅਕਤੀਆਂ ਦੀ ਟੋਲੀ ਦੇ ਰੂਪ ਵਿਚ ਗਾਉਂਦੇ ਹਨ ਜਿਸ ਨੂੰ 'ਢਾਡੀ ਜਥਾ' ਕਿਹਾ ਜਾਂਦਾ ਹੈ। ਇਸ ਜਥੇ ਵਿਚ ਦੋ ਵਿਅਕਤੀ 'ਢੱਡ' ਵਜਾ ਕੇ ਗਾਉਂਦੇ ਹਨ,ਇਕ ਸਾਰੰਗੀ ਵਜਾਉਂਦਾ ਹੋਇਆ ਗਾਉਂਦਾ ਹੈ ਅਤੇ ਇਕ ਵਿਅਕਤੀ ਵਿਆਖਿਆ ਜਾਂ ਵਖਿਆਨ ਕਰਦਾ ਹੈ। ਹੁਣ ਜੇਕਰ 'ਢਾਡੀ' ਦੇ ਸ਼ਾਬਦਿਕ ਅਰਥ ਵੱਲ ਧਿਆਨ ਮਾਰੀਏ ਤਾਂ ਅਸਲ ਵਿਚ 'ਢੱਡ' ਨਾਂ ਦਾ ਇਕ 'ਵਾਦਿ-ਯੰਤ੍' ਹੈ। 'ਢੱਡ' ਡੋਰੂ ਦੀ ਸ਼ਕਲ ਦਾ ਲੱਕੜੀ ਦਾ ਬਣਿਆ ਇਕ ਅਜਿਹਾ ਸਾਜ਼ ਹੈ ਜਿਸ ਨੂੰ ਖੱਬੇ ਹੱਥ ਵਿਚ ਫੜ੍ਹ ਕੇ ਸੱਜੇ ਹੱਥ ਦੀਆਂ ਉਂਗਲਾਂ ਦੀ ਚੋਟ ਨਾਲ ਵਜਾਇਆ ਜਾਂਦਾ ਹੈ,ਸੋ ਇਸ ਤਰ੍ਹਾਂ ਇਸ

ਸਾਜ਼ ਨੂੰ ਵਜਾਉਣ ਵਾਲਾ 'ਢਾਡੀ' ਅਖਵਾਉਂਦਾ ਹੈ।

ਇੱਥੇ 'ਢੱਡ' ਵਜਾਉਣ ਵਾਲਿਆਂ ਦੇ ਨਾਲ ਦੂਜਾ ਸਾਜ਼ 'ਸਾਰੰਗੀ' ਹੁੰਦੀ ਹੈ ਸਾਰੰਗੀ ਨੂੰ ਉੱਤਰੀ ਭਾਰਤ ਦੇ ਲੋਕਸਾਜ਼ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਕਾਫੀ ਪ੍ਰਸਿੱਧੀ ਹਾਸਲ ਹੈ ।ਪੰਜਾਬ ਦੇ ਲੋਕ ਸੰਗੀਤ ਵਿਚ ਸਾਰੰਗੀ ਦਾ ਕਾਫੀ ਮਹੱਤਵਪੂਰਨ ਸਥਾਂਨ ਹੈ। ਇਹ ਦੋ ਫੁੱਟ ਲੰਬੀ ਹੁੰਦੀ ਹੈ ਆਮ ਤੌਰ 'ਤੇ ਇਸ ਦੀ ਲੰਬਾਈ ੫੮ ਸੈਂਟੀਮੀਟਰ ਅਤੇ ਚੌੜਾਈ ੧੩ ਸੈਂਟੀਮੀਟਰ ਹੁੰਦੀ ਹੈ । ਇਹ ਸਾਜ਼ ਲੱਕੜੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ ਅਤੇ ਇਸ ਦੇ ਉੱਤੇ ਚਮੜਾ ਮੜਿਆ ਜਾਂਦਾ ਹੈ। ਇਸ ਚਮੜੇ ਉਪਰ ਵਿਚਕਾਰ ਨੂੰ ਊਠ ਦੀ ਹੱਡੀ ਦੀ ਘੋੜੀ ਦੇ ਉਪਰੋਂ ਚਾਰ ਤੰਦਾਂ ਖੂੰਟੀਆਂ ਵੱਲ ਚਲੀਆਂ ਜਾਂਦੀਆਂ ਹਨ। ਖੱਬੇ ਹੱਥ ਦੀ ਆਂ ਉਂਗਲੀਆਂ ਦੇ ਨਹੁੰ ਨਾਲ ਤੰਦ ਦੀਆਂ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਇੱਛਾ ਅਨੁਸਾਰ ਸੁਰ ਕੱਢ ਕੇ ਇਸ ਸਾਜ਼ ਨੂੰ ਵਜਾਇਆ ਜਾਂਦਾ ਹੈ।

ਢਾਡੀਆਂ ਦੁਆਰਾ ਗਾਇਨ ਕੀਤੇ ਜਾਂਦੇ ਕਾਵਿ-ਰੂਪ ਨੂੰ 'ਵਾਰ' ਕਿਹਾ ਜਾਂਦਾ ਹੈ।'ਵਾਰ' ਗਾਉਣਾ ਪ੍ਰਮੁੱਖ ਤੌਰ 'ਤੇ ਢਾਡੀਆਂ ਨਾਲ ਹੀ ਜੁੜਿਆ ਹੋਇਆ ਹੈ।ਇੱਥੇ ਇਹ ਵੀ ਜਿਕਰ ਯੋਗ ਹੈ ਕਿ 'ਵਾਰ' ਜੰਗ ਦੇ ਮੈਦਾਨ ਵਿਚ ਕਿਸੇ ਯੋਧੇ ਸੂਰਬੀਰ ਦੀ ਸੂਰਮਤਾ ਨੂੰ ਦਰਸਾਉਣ ਵਾਲਾ ਬੀਰ-ਰਸੀ 'ਕਾਵਿ-ਰੂਪ' ਹੈ।

ਇਤਿਹਾਸਿਕ ਸ੍ਰੋਤਾਂ ਤੋਂ ਇਹ ਪਤਾ ਲੱਗਦਾ ਹੈ ਕਿ 'ਢਾਡੀ ਪਰੰਪਰਾ' ਕਾਫੀ ਪੁਰਾਣੀ ਤੇ ਪ੍ਰਾਚੀਨ ਹੈ। ਇਹ ਢਾਡੀ ਲੋਕ ਆਮ ਤੌਰ 'ਤੇ ਬੀਰ-ਰਸੀ ਕਾਵਿ ਗਾ ਕੇ ਲੋਕਾਂ ਵਿਚ ਜੋਸ਼ ਪੈਦਾ ਕਰਦੇ ਸਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਢਾਡੀ' ਦਾ ਸਰਬ ਪੁਰਾਤਨ ਉਲੇਖ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਹੋਇਆ ਮਿਲਦਾ ਹੈ:

ਜਾਂ ਚੈ ਘਰਿ ਗੰਧਰਬ ਰਿਖੀ , ਬਪੁੜੇ ਢਾਢੀਆ ਗਾਵੰਤ ਆਛੈ॥ (ਪੰਨਾ ੧੨੯੨)

ਸਿੱਧ ਹੈ ਕਿ 'ਢਾਡੀ ਪਰੰਪਰਾ' ਦਾ ਅਰੰਭ ਭਗਤ ਨਾਮਦੇਵ ਜੀ ਤੋਂ ਵੀ ਪਹਿਲਾਂ ਹੋ ਚੁੱਕਾ ਸੀ। ਭਗਤ ਨਾਮਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਪਰਮਾਤਮਾ ਦਾ ਜਸ ਗਾਉਣ ਵਾਲਾ 'ਢਾਡੀ' ਆਖਿਆ ਹੈ:

ਖਾਲਕ ਕਉ ਆਦੇਸੁ ਢਾਢੀ ਗਾਵਣਾ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥ (ਪੰਨਾ ੧੪੮)

ਪ੍ਰੋ.ਪਿਆਰਾ ਸਿੰਘ ਪਦਮ ਅਨੁਸਾਰ "ਪੁਰਾਣੇ ਜ਼ਮਾਨੇ ਵਿਚ ਹਰ ਬਹਾਦਰ ਕਬੀਲੇ ਦਾ ਜਸ ਗਾਉਣ ਵਾਲਾ 'ਭੱਟ' ਜਾਂ 'ਢਾਡੀ' ਹੁੰਦਾ ਸੀ ਜੋ ਆਪਣੇ ਮਾਲਕ ਅਤੇ ਉਸ ਦੇ ਬਜ਼ੁਰਗਾਂ ਦੀ ਵਡਿਆਈ ਗਾ ਕੇ ਸੁਣਾਉਂਦਾ ਸੀ।ਜਸ ਸੁਣਨ ਵਾਲੇ ਢਾਡੀ ਦੇ ਗਾਇਨ ਤੋਂ ਖੁਸ਼ ਹੋ ਕੇ ਉਸ ਨੂੰ ਗਹਿਣੇ, ਬਸਤਰ ਅਤੇ ਨਕਦ ਇਨਾਮ ਦਿੰਦੇ ਸਨ। "

'ਢਾਡੀਆਂ' ਦੁਆਰਾ ਗਾਈਆਂ ਜਾਣ ਵਾਲੀਆਂ 'ਵਾਰਾਂ' ਪੰਜਾਬ ਵਿਚ ਬਹੁਤ ਹੀ ਪ੍ਰਚਲਿਤ ਰਹੀਆ ਸਨ।ਇਹ ਲੋਕ-ਗਾਇਣ ਸ਼ੈਲੀ ਲੋਕਾਂ ਵਿਚ ਹਰਮਨ ਪਿਆਰੀ ਹੋਣ ਸਦਕਾ ਗੁਰੂ ਸਾਹਿਬਾਨ ਨੇ ਵੀ ਇਸ 'ਵਾਰ' 'ਕਾਵਿ ਰੂਪ' ਨੂੰ ਅਪਣਾਇਆ।ਉਨ੍ਹਾਂ ਨੇ ਅਕਾਲ ਪੁਰਖ ਪਰਮਾਤਮਾ ਦੀ ਉਸਤਤਿ ਵਿਚ ਅਧਿਆਤਮਿਕ ਵਾਰਾਂ ਰਚੀਆਂ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਅਤੇ ਇਨ੍ਹਾਂ ਦੀ ਕੁੱਲ

ਗਿਣਤੀ ੨੨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਜਦੋਂ ਸਾਰੀ ਬਾਣੀ ਨੂੰ ਰਾਗ-ਬੱਧ ਕੀਤਾ ਤਾਂ ਇਨ੍ਹਾਂ ੨੨ ਵਾਰਾਂ ਵਿੱਚੋਂ ਨੌਂ ਵਾਰਾਂ ਨੂੰ ਗਾਉਣ ਲਈ ਕੁਝ ਪੁਰਾਣੇ ਯੋਧਿਆਂ ਦੀਆਂ ਵਾਰਾਂ ਦੀਆਂ ਧੁਨੀਆਂ ਨੂੰ ਆਧਾਰ ਬਣਾਇਆ। ਇੱਥੇ ਨਾਲ ਇਹ ਵੀ ਗੱਲ ਯਾਦ ਰੱਖਣ ਯੋਗ ਹੈ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੌਂ ਵਾਰਾਂ ਦਾ ਯੋਧਿਆਂ ਦੀਆਂ ਵਾਰਾਂ ਨਾਲ ਸੰਬੰਧ ਕੇਵਲ ਧੁਨੀ (ਤਰਜ਼) ਤਕ ਹੀ ਸੀਮਿਤ ਹੈ। ਇਸ ਪ੍ਰਕਾਰ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 'ਵਾਰ' ਕਾਵਿ ਦੀ ਗਾਇਣ ਸ਼ੈਲੀ ਅਧਿਆਤਮਿਕ ਅਤੇ ਦੁਨਿਆਵੀ ਦੋਹਾਂ ਤਰ੍ਹਾਂ ਦੇ ਕਾਵਿ-ਰੂਪਾਂ ਲਈ ਮਕਬੂਲ ਸੀ।

ਭਾਵੇਂ ਢਾਡੀ ਕਲਾ ਦਾ ਪਿਛੋਕੜ ਕਾਫੀ ਪੁਰਾਣਾ ਹੈ ਪਰੰਤੂ ਸਿੱਖ ਧਰਮ ਵਿਚ ਸੁਚੇਤ ਅਤੇ ਵਿਵਹਾਰਿਕ ਰੂਪ ਵਿਚ ਇਹ ਕਲਾ ਉਸ ਸਮੇਂ ਪਣਪੀ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰ ਕੇ ਭਗਤੀ ਮਾਰਗ ਦੇ ਉਪਦੇਸ਼ ਦੇ ਨਾਲ ਨਾਲ ਬੀਰ ਰਸੀ ਉਪਦੇਸ਼ ਦੇਣ ਲਈ ਤਖਤ ਉਪਰ ਬਿਰਾਜਮਾਨ ਹੋਏ। ਸ੍ਰੀ ਅਕਾਲ ਤਖਤ ਸਾਹਿਬ ਵਿਖੇ 'ਢਾਡੀ ਪਰੰਪਰਾ' ਨੂੰ ਸ਼ੁਰੂ ਕਰਨਾ ਗੁਰੂ ਸਾਹਿਬ ਵੱਲੋਂ ਅਪਣਾਈ 'ਮੀਰੀ ਅਤੇ ਪੀਰੀ' ਦੀ ਨਵੀਂ ਨੀਤੀ ਦਾ ਇਕ ਅਹਿਮ ਹਿੱਸਾ ਸੀ। ਇਸ 'ਢਾਡੀ ਪਰੰਪਰਾ' ਨੂੰ ਗੁਰੂ ਜੀ ਨੇ 'ਭਗਤੀ ਤੇ ਸ਼ਕਤੀ' ਦਾ ਸੰਚਾਰ ਮਾਧਿਅਮ ਬਣਾਇਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਦੋ 'ਢਾਡੀਆਂ' ਭਾਈ ਨੱਥਾ ਅਤੇ ਭਾਈ ਅਬੱਦੁਲਾ ਨੂੰ ਆਪਣੇ ਦਰਬਾਰ ਵਿਚ ਵਾਰਾਂ ਗਾਉਣ ਲਈ ਨਿਯੁਕਤ ਕੀਤਾ। ਇਤਿਹਾਸਕਾਰਾਂ ਮੁਤਾਬਿਕ ਭਾਈ ਨੱਥਾ ਅਤੇ ਭਾਈ ਅਬਦੁੱਲਾ ਆਪਸ ਵਿਚ ਮਾਸੀ ਦੇ ਪੁੱਤ ਭਰਾ ਲੱਗਦੇ ਸਨ ਤੇ ਸ੍ਰੀ ਅੰਮ੍ਰਿਤਸਰ ਦੇ ਲਾਗਲੇ ਪਿੰਡ 'ਸੁਰ ਸਿੰਘ' ਦੇ ਵਸਨੀਕ ਸਨ। ਇਹ ਦੋਵੇਂ ਭਰਾ ਮੁਸਲਮਾਨ ਢਾਡੀ ਸਨ ਜੋ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੱਦੀ-ਨਸ਼ੀਨੀ ਵੇਲੇ ਗੁਰ-ਦਰਬਾਰ ਵਿਚ ਪਹੁੰਚੇ ਹੋਏ ਸਨ। ਇਨ੍ਹਾਂ ਦੋਹਾਂ ਭਰਾਵਾਂ ਨੇ ਉਸ ਸਮੇਂ ਗੁਰੂ ਸਾਹਿਬ ਦੀ ਉਸਤਤਿ ਵਿਚ ਵਾਰ ਦਾ ਇਕ ਛੰਦ ਗਾਇਆ,ਜਿਸ ਦੇ ਬੋਲ ਇੰਝ ਸਨ:

ਦੋ ਤਲਵਾਰੀਂ ਬੱਧੀਆਂ ਇਕ ਮੀਰੀ ਦੀ ਇਕ ਪੀਰ ਦੀ

ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜੀਰ ਦੀ

ਹਿੰਮਤ ਬਾਹਾਂ ਕੋਟ ਗੜ੍ਹ,ਦਰਵਾਜਾ ਬਲਖ ਬਖੀਰ ਦੀ।

ਕਟਕ ਸਿਪਾਹੀ ਨੀਲ ਨਲ,ਮਾਰ ਦੁਸ਼ਟਾਂ ਕਰੇ ਤਗੀਰ ਦੀ।

ਪੱਗ ਤੇਰੀ, ਕੀ ਜਹਾਂਗੀਰ ਦੀ। ...

ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਆਪਣੀ ਦੂਰ-ਅੰਦੇਸ਼ੀ ਸੋਚ ਸਦਕਾ ਇਨ੍ਹਾਂ ਦੋਹਾਂ ਭਰਾਵਾਂ ਨੂੰ ਆਪਣੇ ਕੋਲ ਰੱਖ ਲਿਆ।

ਭਾਈ ਨੱਥਾ ਅਤੇ ਭਾਈ ਅਬਦੁੱਲਾ ਦੋਵੇਂ ਭਰਾ ਸਿੱਖਾਂ ਨੂੰ ਰੋਜ਼ਾਨਾ ਲੱਗਣ ਵਾਲੇ ਦੀਵਾਨ ਵਿਚ

ਸੂਰਬੀਰਾਂ ਦੀਆਂ ਬੀਰ ਰਸੀ ਵਾਰਾਂ ਗਾ ਕੇ ਸੁਣਾਉਂਦੇ ਅਤੇ ਸਿੱਖਾਂ ਨੂੰ ਉਤਸ਼ਾਹਿਤ ਕਰਦੇ। ਗੁਰੂ ਸਾਹਿਬ ਜੀ ਦੀ ਹਜੂਰੀ ਵਿਚ ਗੁਰ-ਬਖ਼ਸ਼ਿਸ਼ ਸਦਕਾ ਇਨ੍ਹਾਂ ਦੋਹਾਂ ਢਾਡੀ ਭਰਾਵਾਂ ਦੇ ਸਾਜ਼ਾਂ ਵਿੱਚੋਂ ਹਕੂਮਤ ਦੇ ਜ਼ੁਲਮਾਂ ਤੇ ਪਾਬੰਦੀਆਂ ਨਾਲ ਜੂਝਣ ਲਈ ਲਲਕਾਰਾਂ ਨਿਕਲਣ ਲੱਗੀਆਂ,ਸਾਰੰਗੀ ਦੀਆਂ ਸੁਰਾਂ ਨੇ ਕੌਮ ਨੂੰ ਵੰਗਾਰਿਆ,ਢੱਡ ਦੀ ਠਪ ਨੇ ਲੋਕਾਂ ਦੇ ਸੁੱਤੇ ਹੋਏ ਜ਼ਮੀਰ ਨੂੰ ਜਗਾਉਣਾ ਸ਼ੁਰੂ ਕਰ ਦਿੱਤਾ, ਸਾਰੰਗੀ 'ਤੇ ਫੇਰਨ ਵਾਲੇ ਗਜ ਦੇ ਘੰਗਰੂਆਂ ਨੇ ਸਿੱਖ ਸੈਨਿਕਾਂ ਵਿਚ ਕੁਰਬਾਨੀ ਦਾ ਜੋਸ਼ ਪੈਦਾ ਕਰ ਕੇ ਜੂਝ ਮਰਨ ਦੇ ਵਲਵਲੇ ਪੈਦਾ ਕਰ ਦਿੱਤੇ।

ਗੁਰੂ ਸਾਹਿਬ ਜੀ ਵੱਲੋਂ ਤਿਆਰ ਕੀਤੀ ਜਾ ਰਹੀ ਫੌਜ ਨੂੰ ਉਤਸ਼ਾਹਿਤ ਕਰਨ ਹਿਤ ਇਨ੍ਹਾਂ ਦੋਹਾਂ ਢਾਡੀਆਂ ਨੇ ਅਤੀ ਸ਼ਲਾਘਾਯੋਗ ਭੂਮਿਕਾ ਨਿਭਾਈ। ਇੱਥੋਂ ਤਕ ਕਿ ਭਾਈ ਨੱਥ ਮੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਜਿੰਦਾ ਰਿਹਾ ਅਤੇ ਸਿੱਖ ਯੁੱਧਵੀਰਾਂ ਨੂੰ ਉਤਸ਼ਾਹਿਤ ਕਰਨ ਲਈ ਵਾਰਾਂ ਗਾਉਂਦਾ ਰਿਹਾ। ਨੰਦੇੜ ਵਿਖੇ ਦਸਵੇਂ ਪਾਤਸ਼ਾਹ ਦੇ ਅੰਤਲੇ ਸਮੇਂ ਤਕ ਭਾਈ ਨੱਥਾ ਗੁਰੂ ਜੀ ਦੇ ਨਾਲ ਰਿਹਾ।

ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ਼ੁਰੂ ਕੀਤੀ 'ਬੀਰ ਰਸੀ' ਵਾਰਾਂ ਨੂੰ ਗਾਉਣ ਦੀ ਇਹ 'ਢਾਡੀ ਪਰੰਪਰਾ' ਵਰਤਮਾਨ ਸਮੇਂ ਤਕ ਕਇਮ ਹੈ ਜੋ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਰੋਜ਼ਾਨਾ ਦੀ ਮਰਯਾਦਾ ਦਾ ਇਕ ਅਹਿਮ ਭਾਗ ਹੈ। ਗੁਰਪੁਰਬ,ਜਾਂ ਸਿੱਖ ਇਤਿਹਾਸ ਨਾਲ ਸੰਬੰਧਿਤ ਕਿਸੇ ਵੀ ਵਿਸ਼ੇਸ਼ ਦਿਨ ਸਾਰਾ ਦਿਨ ਭਾਵ ਸਵੇਰੇ ਦਸ ਵਜੇ ਤੋਂ ਲੈ ਕੇ ਸ਼ਾਮ ਚਾਰ ਵਜੇ ਤਕ ਢਾਡੀ ਜਥਿਆਂ ਦੇ ਦੀਵਾਨ ਲੱਗਦੇ ਹਨ। ਆਮ ਦਿਨਾਂ ਵਿਚ ਗਰਮੀਆਂ ਦੇ ਸਮੇਂ ਸਵੇਰੇ ਅੱਠ ਤੋਂ ਬਾਰ੍ਹਾਂ ਵਜੇ ਤਕ ਅਤੇ ਸਰਦੀਆਂ ਵਿਚ ਦੁਪਹਿਰ ਬਾਰ੍ਹਾਂ ਵਜੇ ਤੋਂ ਸ਼ਾਮ ਚਾਰ ਵਜੇ ਤਕ ਦੀਵਾਨ ਸਜਦੇ ਹਨ, ਜਿਨ੍ਹਾਂ ਵਿਚ ਸੰਗਤਾਂ ਸਿੱਖ ਇਤਿਹਾਸ ਦੀਆਂ ਲਾਸਾਨੀ ਗਾਥਾਵਾਂ ਅਤੇ ਵਖਿਆਨ ਸਰਵਣ ਕਰਦੀਆਂ ਹਨ। ਜਿਸ ਸਮੇਂ ਇਹ ਦੀਵਾਨ ਚੱਲ ਰਹੇ ਹੁੰਦੇ ਹਨ ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਮੁੱਚੇ ਵਾਤਾਵਰਨ ਵਿਚ ਚੱਲਣ ਵਾਲੀਆਂ ਹਵਾਵਾਂ ਵੀ ਬੀਰ-ਰਸੀ ਨਾਦ ਵਿਚ ਝੂਮ ਰਹੀਆਂ ਹੁੰਦੀਆਂ ਹਨ।

ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਸਾਹਿਬਾਨ ਵੱਲੋਂ ਇਨ੍ਹਾਂ ਢਾਡੀ ਦੀਵਾਨਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਸੰਗਤਾਂ ਦੀ ਮੌਸਮ ਅਨੁਸਾਰ ਸਹੂਲੀਅਤ ਨੂੰ ਮੁੱਖ ਰੱਖਦੇ ਹੋਏ ਸਰਦੀਆਂ ਵਿਚ ਗਲੀਚੇ ਅਤੇ ਗਰਮੀਆਂ ਵਿਚ ਵਿਸ਼ੇਸ਼ ਸ਼ਮਿਆਨੇ ਅਤੇ ਟੈਂਟ ਲਗਾਏ ਹੁੰਦੇ ਹਨ। ਵਿਸ਼ੇਸ਼ ਰੂਪ ਵਿਚ ਇੱਥੋਂ ਲਈ ਨਿਯੁਕਤ ਕੀਤੇ ਵੱਖ-ਵੱਖ ਢਾਡੀ ਜਥਿਆਂ ਦੀਆਂ ਡਿਊਟੀਆਂ ਲਗਾਈਆਂ ਜਾਂਦੀਆਂ ਹਨ। ਛੇਵੇਂ ਗੁਰੂ ਜੀ ਵੱਲੋਂ ਦਿੱਤੀ ਇਹ 'ਢਾਡੀ ਪਰੰਪਰਾ' ਸਿੱਖਾਂ ਨੂੰ ਵੱਡਮੁੱਲੀ ਦੇਣ ਹੈ ਜੋ ਕਿ ਸਿੱਖ ਕੌਮ ਦੀ ਆਨ,ਬਾਨ ਅਤੇ ਸ਼ਾਨ ਨੂੰ ਦਰਸਾਉਂਦੀ ਹੈ।

ਸਹਾਇਕ ਪੁਸਤਕਾਂ: ੧. ਸਿੱਖ ਪੰਥ ਵਿਸ਼ਵਕੋਸ਼ : ਡਾ.ਰਤਨ ਸਿੰਘ ਜੱਗੀ। ੨. ਪੰਜਾਬ ਕੋਸ਼: ਰਛਪਾਲ ਸਿੰਘ।੩. ਸਮਾਜਿਕ ਵਿਗਿਆਨ ਪੱਤਰ,ਦਸੰਬਰ;੨੦੦੩, ਪੰ,ਯੂਨੀ,ਪਟਿਆਲਾ। ੪. ਪੰਜਾਬੀ ਲੋਕ ਢਾਡੀ ਕਲਾ: ਹਰਦਿਆਲ ਥੂਹੀ, ਲੋਕਗੀਤ ਪ੍ਰਕਾ. ਚੰਡੀਗੜ੍ਹ। ੫. ਸੋਵੀਨਰ:(੪੦੦ ਸਾਲਾ ਸ੍ਰੀ ਅਕਾਲ ਤਖਤ ਸਾਹਿਬ) ਸ਼੍ਰੋ:ਗੁ:ਪ੍ਰ;ਕਮੇਟੀ। ੬. ਅੰਮ੍ਰਿਤ ਕੀਰਤਨ (ਮੈਗਜ਼ੀਨ),ਨਵੰਬਰ ੨੦੧੦, ਚੰਡੀਗੜ੍ਹ। ੭. ਰਾਗੁ ਨਾਦੁ ਸਭੁ ਸਚੁ ਹੈ, ਸੈਂਟਰਲ ਖਾਲਸਾ ਯਤੀਮਖਾਨਾ, ਸ੍ਰੀ ਅੰਮ੍ਰਿਤਸਰ

**੨੯੪੬/੭ ਬਜ਼ਾਰ ਲੁਹਾਰਾਂ, ਚੌਕ ਲਛਮਣਸਰ, ਸ੍ਰੀ ਅੰਮ੍ਰਿਤਸਰ, ਮੋ ੯੮੭੭੯੦੦੩੭੨**

# ਹਿੰਦੀ ਸਿਨੇਮਾਂ ਦੀ ਪਹਿਲੀ ਸੰਗੀਤਕਾਰ-ਜੋੜੀ 'ਹੁਸਨਲਾਲ-ਭਗਤਰਾਮ'

## ਅਮਰਿੰਦਰ ਸਿੰਘ

ਹਿੰਦੀ ਫ਼ਿਲਮ ਇੰਡਸਟਰੀ ਵਿਚ ਫ਼ਿਲਮਾਂ ਦਾ ਸੰਗੀਤ ਵਿਅਕਤੀਗਤ ਅਤੇ ਜੋੜੀ ਦੇ ਰੂਪ ਵਿਚ ਤਿਆਰ ਕੀਤਾ ਜਾਂਦਾ ਰਿਹਾ ਹੈ। ਵਿਅਕਤੀਗਤ ਦੇ ਨਾਲ-ਨਾਲ ਇਸ ਖੇਤਰ ਵਿਚ ਹੁਣ ਤੱਕ ਕਈ ਸੰਗੀਤਕਾਰ ਜੋੜੀਆਂ ਵੀ ਕਾਰਜਸ਼ੀਲ ਰਹੀਆਂ, ਜਿਹਨਾਂ ਨੇ ਸਾਂਝੇ ਰੂਪ ਵਿਚ ਸੰਗੀਤ ਦਿੱਤਾ। ਦੇਖਿਆ ਜਾਏ ਤਾਂ ਇਸ ਰੁਝਾਨ ਦਾ ਸਿਹਰਾ ਪੰਜਾਬ ਮੂਲ ਦੇ ਸੰਗੀਤਕਾਰ ਹੁਸਨਲਾਲ-ਭਗਤਰਾਮ ਦੇ ਸਿਰ ਹੀ ਜਾਂਦਾ ਹੈ। ਹੁਸਨਲਾਲ-ਭਗਤਰਾਮ ਦੀ ਜੋੜੀ ਨੂੰ ਹਿੰਦੀ ਫ਼ਿਲਮ ਜਗਤ ਦੀ ਪਲੇਠੀ ਸੰਗੀਤਕਾਰ-ਜੋੜੀ ਕਹਾਉਂਣ ਦਾ ਮਾਣ ਹਾਸਿਲ ਹੈ। ਹੁਸਨਲਾਲ-ਭਗਤਰਾਮ ਤੋਂ ਪਹਿਲਾਂ ਅਜਿਹੇ ਹੋਰ ਕੋਈ ਸੰਗੀਤਕਾਰ ਨਹੀਂ ਹੋਏ, ਜਿਹਨਾਂ ਨੇ ਜੋੜੀ ਦੇ ਰੂਪ ਵਿਚ ਹਿੰਦੀ ਫ਼ਿਲਮਾਂ ਵਿਚ ਸੰਗੀਤ ਦਿੱਤਾ ਹੋਵੇ। ਇਹਨਾਂ ਨੇ ਹੀ ਜੋੜੀ ਦੇ ਰੂਪ ਵਿਚ ਫ਼ਿਲਮ-ਸੰਗੀਤ ਤਿਆਰ ਕਰਨ ਦੀ ਨਵੀਂ ਪਿਰਤ ਪਾਈ ਹੈ। ਹੁਸਨਲਾਲ-ਭਗਤਰਾਮ ਤੋਂ ਬਾਅਦ 'ਵਰਮਾ ਜੀ-ਸ਼ਰਮਾ ਜੀ', 'ਸ਼ੰਕਰ-ਜੈਕਿਸ਼ਨ', 'ਕਲਿਆਣਜੀ-ਆਨੰਦਜੀ', 'ਲਕਸ਼ਮੀਕਾਂਤ-ਪਿਆਰੇਲਾਲ', 'ਸੋਨਿਕ-ਓਮੀ', 'ਸ਼ਿਵ-ਹਰੀ', 'ਮਹੇਸ਼-ਨਿਰੇਸ਼', 'ਸਪਨ-ਜਗਮੋਹਨ', 'ਹਰੀ-ਅਰਜੁਨ', 'ਉੱਤਮ-ਜਗਦੀਸ਼', 'ਨਦੀਮ-ਸ਼੍ਰਵਰਣ', 'ਆਨੰਦ-ਮਿਲਿੰਦ', 'ਦਲਿਪ ਸੇਨ-ਸਮੀਰ ਸੇਨ', 'ਜਤਿਨ-ਲਲਿਤ', 'ਨਿਖਿਲ-ਵਿਨੇ', 'ਵਿਸ਼ਾਲ-ਸ਼ੇਖਰ' ਅਤੇ 'ਸ਼ੰਕਰ-ਅਹਿਸਾਨ-ਲੋਏ' (ਤਿੱਕੜੀ) ਆਦਿ ਸੰਗੀਤਕਾਰ ਜੋੜੀਆਂ ਹਿੰਦੀ ਫ਼ਿਲਮ ਇੰਡਸਟਰੀ ਵਿਚ ਸਰਗਰਮ ਰਹੀਆਂ ਹਨ।

ਹੁਸਨਲਾਲ-ਭਗਤਰਾਮ 40 ਦੇ ਦਹਾਕੇ ਦੇ ਮਸ਼ਹੂਰ ਸੰਗੀਤਕਾਰ ਪੰ. ਅਮਰਨਾਥ ਦੇ ਛੋਟੇ ਭਰਾ ਸਨ। ਹੁਸਨਲਾਲ ਦਾ ਜਨਮ 1920 ਨੂੰ ਅਤੇ ਭਗਤਰਾਮ ਦਾ ਜਨਮ 1914 ਨੂੰ ਜਲੰਧਰ ਵਿਖੇ ਹੋਇਆ। ਹੁਸਨਲਾਲ ਨੂੰ ਵਾਇਲਨ ਅਤੇ ਭਗਤਰਾਮ ਨੂੰ ਹਾਰਮੋਨੀਅਮ ਸਾਜ਼ ਵਜਾਉਣ ਵਿਚ ਖਾਸ ਮੁਹਾਰਥ ਹਾਸਿਲ ਸੀ। ਹੁਸਨਲਾਲ ਨੇ ਸ਼ਾਸਤਰੀ ਸੰਗੀਤ ਦੀ ਤਾਲੀਮ ਪੰ. ਦਲੀਪ ਚੰਦਰ ਬੇਦੀ ਪਾਸੋ ਲਈ ਅਤੇ ਇਹ ਖਿਆਲ, ਠੁਮਰੀ ਅਤੇ ਲੋਕ-ਗੀਤ ਗਾਉਂਣ ਵਿਚ ਵੀ ਨਿਪੁੰਨ ਸਨ। ਹੁਸਨਲਾਲ ਨੇ ਵਾਇਲਨ ਦੀ ਵਿਧੀ-ਵਧ ਤਾਲੀਮ ਉਸਤਾਦ ਬਸ਼ੀਰ ਖਾਂ ਕੋਲੋ ਲਈ। ਫ਼ਿਲਮ ਸੰਗੀਤ ਦੀਆਂ ਬਾਰੀਕੀਆਂ ਸਿਖਣ ਲਈ

ਹੁਸਨਲਾਲ-ਭਗਤਰਾਮ ਆਪਣੇ ਵੱਡੇ ਭਰਾ ਪੰ. ਅਮਰਨਾਥ 'ਤੇ ਆਸ਼ਰਿਤ ਰਹੇ।

ਹੁਸਨਲਾਲ-ਭਗਤਰਾਮ ਨੇ ਆਪਣਾ ਫ਼ਿਲਮੀ ਕਰੀਅਰ 1944 ਵਿਚ ਪ੍ਰਦਸ਼ਿਤ ਹੋਈ ਫ਼ਿਲਮ 'ਚਾਂਦ' ਤੋਂ ਸ਼ੁਰੂ ਕੀਤਾ। ਇਸ ਤੋਂ ਬਾਅਦ ਇਹਨਾਂ ਨੇ 'ਹਮ ਏਕ ਹੈ' (1946), 'ਨਰਗਿਸ' (1946), 'ਮਿਰਜ਼ਾ ਸਾਹਿਬਾ' (1947) (ਪੰ. ਅਮਰਨਾਥ ਨਾਲ ਮਿਲ ਕੇ) ਅਤੇ 'ਮੋਹਨ' (1947) ਆਦਿ ਫ਼ਿਲਮਾਂ ਦਾ ਸੰਗੀਤ ਤਿਆਰ ਕੀਤਾ। ਹੁਸਨਲਾਲ-ਭਗਤਰਾਮ ਦੀ ਪਹਿਲੀ ਸਫ਼ਲ ਫ਼ਿਲਮ 'ਪਿਆਰ ਕੀ ਜੀਤ' (1948) ਮੰਨੀ ਜਾਂਦੀ ਹੈ। ਇਸ ਫ਼ਿਲਮ ਦੇ 'ਏਕ ਦਿਲ ਕੇ ਟੁਕੜੇ ਹਜ਼ਾਰ ਹੁਏ ਕੋਈ ਯਹਾ ਗਿਰਾ ਕੋਈ ਵਹਾਂ ਗਿਰਾ' (ਮੁਹੰਮਦ ਰਫ਼ੀ), 'ਓ ਦੂਰ ਜਾਨੇ ਵਾਲੇ ਵਾਦਾ ਨਾ ਭੂਲ ਜਾਨਾ' (ਸੁਰਈਆ), ਅਤੇ ਪੰਜਾਬ ਦੀ ਅਲਮਸਤੀ ਭਰਿਆ 'ਰੁੱਤ ਰੰਗੀਲੀ ਹੈ ਸੁਹਾਨੀ ਰਾਤ ਹੈ' (ਸੁਰਿੰਦਰ ਕੌਰ, ਸ਼ਮਸ਼ਾਦ, ਸੁਰਈਆ ਅਤੇ ਸਾਥੀ) ਗੀਤ ਸੁਪਰਹਿੱਟ ਹੋਏ।

ਹੁਸਨਲਾਲ-ਭਗਤਰਾਮ ਦਾ ਇਤਿਹਾਸਕ ਦੌਰ ਫ਼ਿਲਮ 'ਬੜੀ ਬਹਿਨ' (1949) ਤੋਂ ਸ਼ੁਰੂਹੁੰਦਾ ਹੈ। ਇਸ ਫ਼ਿਲਮ ਦੇ ਸੰਗੀਤ ਨੇ ਇਹਨਾਂ ਨੂੰ ਅਪਾਰ ਸਫਲਤਾ ਦਿੱਤੀ ਹੈ। ਇਸ ਫ਼ਿਲਮ ਵਿਚ ਹੁਸਨਲਾਲ-ਭਗਤਰਾਮ ਨੇ ਲਤਾ ਮੰਗੇਸ਼ਕਰ ਨੂੰ 'ਚੁਪ ਚੁਪ ਖੜੇ ਹੋ ਜਰੂਰ ਕੋਈ ਬਾਤ ਹੈ' ਗੀਤ ਵਿਚ ਪਹਿਲੀ ਵਾਰ ਬਰੇਕ ਦਿੱਤੀ ਸੀ। ਇਸ ਗੀਤ ਦੀ ਸਫਲਤਾ ਨੇ ਇਸ ਤਿਕੱੜੀ (ਹੁਸਨਲਾਲ-ਭਗਤਰਾਮ ਅਤੇ ਲਤਾ ਮੰਗੇਸ਼ਕਰ) ਨੂੰ ਰਾਤੋ-ਰਾਤ ਬੁਲੰਦੀਆਂ ਤੇ ਪਹੁੰਚਾ ਦਿੱਤਾ। ਦੇਖਿਆ ਜਾਏ ਤਾਂ ਜੇਕਰ ਲਤਾ ਮੰਗੇਸ਼ਕਰ, ਹੁਸਨਲਾਲ ਭਗਤਰਾਮ ਲਈ ਵਰਦਾਨ ਸਾਬਿਤ ਹੋਈ ਉਥੇ ਲਤਾ ਨੇ ਵੀ ਇਹਨਾਂ ਤੋਂ ਸੰਗੀਤ ਦੀਆਂ ਬਾਰੀਕਿਆਂ ਸਿੱਖੀਆ ਅਤੇ ਆਪਣੀ ਗਾਇਕੀ ਨੂੰ ਹੋਰ ਨਿਖਾਰਿਆ। ਹੁਸਨਲਾਲ-ਭਗਤਰਾਮ ਵੀ ਉਹਨਾਂ ਸੰਗੀਤਕਾਰਾਂ ਵਿਚ ਗਿਣੇ ਜਾਂਦੇ ਹਨ, ਜਿਹਨਾਂ ਨੇ ਲਤਾ ਮੰਗੇਸ਼ਕਰ ਦੀ ਅਵਾਜ਼ ਅਤੇ ਗਾਇਨ ਸ਼ੈਲੀ ਨੂੰ ਤਰਾਸ਼ਿਆ ਹੈ। ਹੁਸਨਲਾਲ ਨੇ ਲਤਾ ਮੰਗੇਸ਼ਕਰ ਦੇ ਗਾਣੇ ਤੇ ਬੇਅੰਤ ਮਿਹਨਤ ਕੀਤੀ ਹੈ। ਹੁਸਨਲਾਲ ਨੇ ਲਤਾ ਦੇ ਗਾਣੇ ਵਿਚ ਨਿੱਜੀ ਦਿਲਚਸਪੀ ਲੈਂਦੇ ਹੋਏ ਇਸਨੂੰ ਹਰ ਪੱਖੋ ਤਰਾਸ਼ਿਆ, ਜਿਸ ਨਾਲ ਲਤਾ ਮੰਗੇਸ਼ਕਰ ਦਾ ਗਾਣਾ ਨਿਰਖਰਦਾ ਗਿਆ ਅਤੇ ਇਕ ਪਰਿਪੱਕ ਗਾਇਨ ਸ਼ੈਲੀ ਵਜੋਂ ਉਭਰ ਕੇ ਸਾਹਮਣੇ ਆਇਆ। ਹੁਸਨਲਾਲ-ਭਗਤਰਾਮ ਨੇ 'ਮੀਨਾ ਬਾਜ਼ਾਰ' (1950), 'ਅਫਸਾਨਾ' (1951), 'ਕਾਫ਼ਿਲਾ' (1952), 'ਆਂਸੂ' (1953), 'ਸ਼ਮਾਂ ਪਰਵਾਨਾ' (1954), 'ਕੰਚਨ' (1955), 'ਦੁਸ਼ਮਨ' (1957), 'ਅਪਸਰਾ' (1961) ਅਤੇ 'ਸ਼ੇਰ ਅਫ਼ਗਾਨ' (1966) ਆਦਿ ਫ਼ਿਲਮਾਂ ਵਿਚ ਸੰਗੀਤ ਦਿੱਤਾ।

ਹੁਸਨਲਾਲ-ਭਗਤਰਾਮ ਦੀ ਗੱਲ ਕਰਦਿਆ ਜੇਕਰ ਇਹਨਾਂ ਦੇ ਸੁਰਬੱਧ ਕੀਤੇ ਸੁਨੋਂ ਸੁਨੋਂ ਐ ਦੁਨੀਆਂ ਵਾਲੋਂ ਬਾਪੂ ਕੀ ਯੇ ਅਮਰ ਕਹਾਨੀ ਗੀਤੋ ਤੇ ਚਰਚਾ ਨਾ ਕੀਤਾ ਜਾਵੇ ਤਾਂ ਗੱਲ ਅਧੂਰੀ ਰਹੇਗੀ। ਇਹ ਗੀਤੋ ਮਹਾਤਮਾ ਗਾਂਧੀ ਦੇ ਦੇਹਾਂਤ ਤੋਂ ਤੁਰੰਤ ਬਾਅਦ ਗੀਤਕਾਰ ਰਾਜਿੰਦਰ ਕ੍ਰਿਸ਼ਨ ਦੁਆਰਾ ਲਿਖਿਆ ਅਤੇ ਮੁਹੰਮਦ ਰਫ਼ੀ ਦੁਆਰਾ ਗਾਇਆ ਗਿਆ ਸੀ। ਉਸ ਸਮੇਂ ਇਹ ਗੀਤ ਐਨਾ ਪਸੰਦ ਕੀਤਾ ਗਿਆ ਕਿ ਇਕ ਮਹੀਨੇ ਵਿਚ ਹੀ ਇਸ ਗੀਤ ਦੇ ਇਕ ਲੱਖ ਤੋਂ ਵੀ ਵੱਧ ਰਿਕਾਰਡ (78 ਆਰ.ਪੀ.ਐਮ.) ਵਿੱਕੇ ਸਨ। ਇਸ ਗੀਤ ਦਾ ਹੁਸਨਲਾਲ-ਭਗਤਰਾਮ ਅਤੇ ਮੁਹੰਮਦ ਰਫ਼ੀ ਦੀ ਸਫਲਤਾ

ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ।

ਫ਼ਿਲਮ 'ਸ਼ੇਰ ਅਫ਼ਗਾਨ' ਹੁਸਨਲਾਲ-ਭਗਤਰਾਮ ਦੀ ਆਖਰੀ ਫ਼ਿਲਮ ਸੀ। ਇਕ ਦਿਨ ਐਸਾ ਆਇਆ ਕਿ ਹਿੰਦੀ ਫ਼ਿਲਮ ਇੰਡਸਟਰੀ ਕੋਲ ਉਸ ਜੋੜੀ ਲਈ ਕੰਮ ਨਹੀਂ ਸੀ, ਜਿਸ ਨੇ ਕਿਸੇ ਸਮੇਂ ਲਤਾ ਮੰਗੇਸ਼ਕਰ ਵਰਗੀ ਗਾਇਕਾ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਸੀ। 1966 ਵਿਚ ਇਸ ਜੋੜੀ ਨੇ ਸਦਾ ਲਈ ਹਿੰਦੀ ਫ਼ਿਲਮ ਇੰਡਸਟਰੀ ਤੋਂ ਸੰਨਿਆਸ ਲੈ ਲਿਆ। ਹੁਸਨਲਾਲ, ਦਿੱਲੀ ਦੇ ਪਹਾੜਗੰਜ ਇਲਾਕੇ ਵਿਚ ਆ ਕੇ ਰਹਿਣ ਲੱਗ ਗਏ ਸਨ। ਇਥੇ ਰਹਿ ਕੇ ਉਹ ਸੰਗੀਤ ਦੀ ਸਿੱਖਿਆ ਦਿੰਦੇ ਅਤੇ ਆਲ ਇੰਡੀਆ ਰੇਡਿਓ 'ਤੇ ਵਾਇਲਨ ਸਾਜ਼ ਦਾ ਵਾਦਨ ਵੀ ਕਰਦੇ ਰਹੇ। ਆਪਣੇ ਦੇਹਾਂਤ ਤੋਂ ਇਕ ਦਿਨ ਪਹਿਲਾ ਹੁਸਨਲਾਲ ਨੇ 'ਹਰਿਵੱਲਭ ਸੰਗੀਤ ਸੰਮੇਲਨ', ਜਲੰਧਰ ਵਿਖੇ ਵਾਇਲਨ 'ਤੇ ਰਾਗ ਮਾਲਕੌਂਸ ਵਜਾਇਆ ਸੀ। 28 ਦਸੰਬਰ, 1968 ਦੀ ਸਵੇਰ, ਸੈਰ ਕਰਦੇ ਹੋਏ ਹੁਸਨਲਾਲ ਦਾ ਦੇਹਾਂਤ ਹੋ ਗਿਆ। ਉੱਧਰ ਭਗਤਰਾਮ ਅਜੇ ਵੀ ਬੰਬਈ ਵਿਚ ਸੰਘਰਸ਼ ਕਰ ਰਹੇ ਸਨ। ਆਪਣੀ ਉਪ-ਜੀਵਿਕਾ ਅਤੇ ਲੋੜਾਂ ਦੀ ਪੂਰਤੀ ਲਈ ਇਹ ਸੰਗੀਤਕਾਰ ਲਕਸ਼ਮੀਕਾਂਤ-ਪਿਆਰੇਲਾਲ ਦੇ ਆਰਕੈਸਟਰਾ ਵਿਚ ਕੰਮ ਕਰਨ ਲੱਗ ਗਏ ਸਨ। ਆਖੀਰ ਇਸ ਸੰਗੀਤਕ ਜੋੜੀ ਦਾ ਆਖਰੀ ਚਿਰਾਗ਼ਭਗਤਰਾਮ ਵੀ 1973 ਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਿਆ। ਇਹ ਜੋੜੀ ਆਪਣੀਆਂ ਸੁਹਜਮਈ ਧੁਨਾਂ ਲਈ ਸਦਾ ਯਾਦ ਕੀਤੀ ਜਾਂਦੀ ਹੈ।

ਗੁਰਮਤਿ ਸੰਗੀਤ, ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾਈਲ : 9888114583



# ਰਾਗ ਛਾਇਆ ਨਟ

## ਪ੍ਰਿ: ਦਿਆਲ ਸਿੰਘ

ਵਾਦੀ - ਪ, ਸੰਵਾਦੀ-ਰ, ਠਾਟ-ਕਲਿਆਣ, ਜਾਤੀ-ਸੰਪੂਰਣ-ਸੰਪੂਰਣ, ਸਮਾਂ-ਰਾਤ ਦਾ ਪਹਿਲਾ ਪਹਿਰ। ਵਿਸ਼ੇਸ਼- 'ਪਾ ਰੇ' ਦੀ ਸੁਰ-ਸੰਗਤੀ

ਗ ਨ ਮ
ਆਰੋਹ-ਸ, ਰ, ਗਮ, ਪ, ਧ, ਪ, ਸਂ। ਅਵਰੋਹ-ਸਂ ਨਧ ਪ, ਮੱਪਧਪ, ਗ ਮ ਰ, ਸ। ਪਕੜ-ਪ, ਰ, ਗ ਮ ਪ, ਮ ਗ ਮ ਰ, ਸ

ਅਸਥਾਈ — ਝਪ ਤਾਲ

| × | | 2 | | | 0 | | 3 | | |
|---|---|---|---|---|---|---|---|---|---|
| | | ਪ | | | | | | | |
| ਪ | – | ਰ | ਗਮ | ਪ | ਮ | ਗ | ਮ | ਰ | ਸ |
| ਰੇ | s | ਮ | ss | ਨ | ਮੂ | s | ਸ | s | ਬਿ |
| ਨ਼ | | | | | ਸ਼ | | | | |
| ਸ | – | ਰ | – | ਸ | ਧ਼ | ਧ਼ | ਨ਼ | ਪ਼ | ਪ਼ |
| ਲਾ | s | ਮਹਿ | s | s | ਗ | ਰ | ਬ | s | ਤ |
| ਪ਼ | ਪ਼ | ਸ | – | ਸ | ਰ | ਰ | ਸ | – | ਸ |
| ਕ | ਰ | ਤ | s | ਬ | ਕ | ਰ | ਤ | s | ਮ |
| | | | | | ਗ | | | | |
| ਗਰ | – | ਗ | ਮ | ਪ | ਮ | ਗ | ਰ | – | ਸ |
| ਹਾਂs | s | ਮੁ | s | ਘ | ਨਾਂ | s | s | s | s |
| | | | | | ਅੰਤਰਾ | | | | |
| ਪ | – | ਸਂ | – | ਸਂ | ਸਂ | – | ਰਂ | ਸਂ | ਸਂ |
| ਸੰ | s | ਪ | s | ਤ | ਦੋ | s | ਲ | s | ਝੋ |
| | | | | | ਪਂ | | ਮਂ | | |
| – | ਗਂਰਂ | ਗਂ | ਮਂ | ਪਂ | ਗਂ | – | ਰਂ | – | ਸਂ |
| s | ਲs | ਸੰ | s | ਗ | ਝੂ | s | ਲ | s | ਤ |
| ਨ | | ਨ | | | | | ਨੁ | | |
| ਧ | – | ਸਂ | – | ਰਂ | ਸਂ | ਧ | ਪ | – | ਪ |
| ਮਾ | s | ਇਆ | s | s | ਮ | ਗ | ਨ | s | ਝੂ |
| ਪ | | | | | ਗ | | ਮ | | |
| ਰ | ਗਰ | ਗ | ਮ | ਪ | ਮ | ਗ | ਰ | – | ਸ |
| ਮ | ਤs | ਘੁ | s | ਘ | ਨਾ | s | s | s | s |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੩੮੭

Page 1387

**ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥**

O mind, you are a mouse, living in the mousehole of the body; you are so proud of yourself, but you act like an absolute fool.

**ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥**

You swing in the swing of wealth, intoxicated with Maya, and you wander around like an owl.

**ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ ਬਢਿਓ ਸੁ ਘਨਾ ॥**

You take pleasure in your children, spouse, friends and relatives; your emotional attachment to them is increasing.

**ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ ॥**

You have planted the seeds of egotism, and the sprout of possessiveness has come up. You pass your life making sinful mistakes.

**ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ ॥**

The cat of death, with his mouth wide-open, is watching you. You eat food, but you are still hungry.

**ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ ॥੪॥**

Meditate in remembrance on the Merciful Lord of the World, O Nanak, in the Sat Sangat, the True Congregation. Know that the world is just a dream. ||4||

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

## GURU NANAK VBT POLYTECHNIC

### C-4, PHASE-1, INDUSTRIAL AREA, PHASE-1, MOHALI

Guru Nanak VBT Polytechnic has been operating under the aegis of Guru Nanak Vidya Bhandar Trust of New-Delhi since 1995.

It is a No-profit institute. It aims at only Professional Excellance and creating ready employability. It is an accredited vocational institute of National Institute of Open Schooling, New-Delhi and many trusts sponsor their candidates for training.

The Polytechnic has excellent record of producing mechanics with very high standard of professional excellence, who are in great demand.

Presently the Polytechnic conducting following courses:

| | | |
|---|---|---|
| a) | AC & Ref. | One year |
| b) | Electrical Technicians | ---do-- |
| c) | Tailoring & Dress Design | One yrs/2 yrs |
| d) | Machinist | 1/2 years |
| e) | 4 Wheelers Engine Mechanics | One year |
| f) | CCA & DTP Computer courses | --do--- |
| g) | Beauty Culture | 6 months |
| h) | Retail Sales & Services | 6 months |

The Polytechnic has a team of dedicated staff and with upto date workshops and a big campus. There is standing demand for its graduating in the corporate sector.

a. 1st Oct

b. 1st July

Contact Principal for admission and information: 0172-2229042, 8968475320, 9023147171. Email- gnvbtpoly@yahoo.co.in

Note: Admission is open throughout the year for July batch or Oct batch.


## ਪਾਠਕਾਂ ਨੂੰ ਬੇਨਤੀ

ਹੁਣ ਆਪ ਜੀ ਅੰਮ੍ਰਿਤ ਕੀਰਤਨ ਵੈਬਸਾਈਟ www.amritkirtan.com ਉਪਰ ਪੜ੍ਹ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਡਾਕ ਰਾਹੀਂ ਮੈਗਜ਼ੀਨ ਮੰਗਵਾਉਣਾ ਬੰਦ ਕਰਕੇ ਟ੍ਰਸਟ ਦਾ ਕਾਫੀ ਖਰਚਾ ਬਚਾ ਸਕਦੇ ਹੋ।

Postal Regd. No. G/CHD /0045/2012-14 RNI Regd. No. 46788/89 ISSN 0972-2335

